ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 103
ਨੰਬਰ 02

੧੯ ਮਾਘ ਤੋਂ ੩ ਫੱਗਣ ੨੦੭੯ ਬਿ.
1 to 15 Feb 2023

# ਸਤਿਜੁਗ



10/-

ਸ੍ਰੀ ਸਤਿਗੁਰੂ ਜੀ
ਲਖਵੀਰ ਸਿੰਘ ਪੁੱਤਰ ਲਖਵਿੰਦਰ ਸਿੰਘ (ਰਿੰਕੂ)
ਨੂੰ ਦਸਤਾਰ ਸਜਾਉਂਦੇ ਹੋਏ।





ਦਵਿੰਦਰ ਸਿੰਘ (ਅਸਟ੍ਰੇਲੀਆ) ਸਪੁੱਤਰ ਸ. ਪ੍ਰੀਤਮ ਸਿੰਘ
ਦਾ ਆਨੰਦ ਕਾਰਜ
ਬੀਬੀ ਕਿਰਨਦੀਪ ਕੌਰ ਸਪੁੱਤਰੀ ਸ. ਗੁਰਸ਼ਰਨ ਸਿੰਘ
ਨਾਲ ਹੋਇਆ।



ਜਤਿੰਦਰ ਸਿੰਘ (ਆਸਟ੍ਰੇਲੀਆ) ਸਪੁੱਤਰ ਸ. ਪ੍ਰੀਤਮ ਸਿੰਘ
ਦਾ ਆਨੰਦ ਕਾਰਜ
ਬੀਬੀ ਮਨਪ੍ਰੀਤ ਕੌਰ ਸਪੁੱਤਰੀ ਸ. ਕਸ਼ਮੀਰ ਸਿੰਘ
ਨਾਲ ਹੋਇਆ।

ਸਤਿਜੁਗ

੧੯ ਮਾਘ ਤੋਂ ੩ ਫੱਗਣ ੨੦੭੯ ਬਿ.

1 ਤੋਂ 15 ਫਰਵਰੀ 2023 ਈ.

ਜਿਲਦ 103, ਨੰਬਰ 2

ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

**ਜਸਵੰਤ ਸਿੰਘ ਮਸਤ**
**ਗੁਰਲਾਲ ਸਿੰਘ**
**ਭਜਨ ਸਿੰਘ**

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

**ਹਾਕਮ ਸਿੰਘ, ਯੁਵਰਾਜ ਸਿੰਘ**
**ਤਰਨ ਬੱਲ**

ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***

# ਤਤਕਰਾ

* ਸੰਪਾਦਕੀ........................................................4
* ਗੁਰਬਾਣੀ ਵਿਆਖਿਆ............................................6
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ..........................8
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ..........................8
* ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਦੇ ਅਣਫੋਲੇ ਵਰਕੇ
  ਡਾ. ਲਖਵੀਰ ਸਿੰਘ ਨਾਮਧਾਰੀ..........................9
* ਭਾਈ ਕਨ੍ਹਈਆ ਜੀ
  ਸਤਿਬੀਰ ਸਿੰਘ.......................................14
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................21
* **Hypertension, diabetes, stroke: they kill more people than infectious diseases and should get a Global Fung**
  **Kaushik Ramaiya...........................................24**
* **Pele: a global superstar and cultural icon who put passion at the heart of soccer**
  **Simon Chadwick...........................................26**
* **A Saga of Sri Satguru Jagjit Singh ji**
  **Dr. Sharada Jayagovind...........................28**
* ਕਾਵਿ-ਕਿਆਰੀ................................................30
* ਸੁੱਚੇ-ਮੋਤੀ.....................................................31
* ਬੱਚਿਆਂ ਦਾ ਪੰਨਾ..............................................32
* ਖ਼ਬਰਨਾਮਾ....................................................33
* **Matrimonial...........................................................35**

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਬਸੰਤ ਪੁਰਬ ਦੇ ਇਤਿਹਾਸਕ ਵਾਕਿਆਤ

ਸੰਪਾਦਕੀ

ਬਸੰਤ, ਪੰਜਾਬ ਦਾ ਪ੍ਰਮੁੱਖ ਤਿਉਹਾਰ ਹੈ। ਹੋਰਨਾਂ ਤਿਉਹਾਰਾਂ ਵਾਂਗ ਇਹ ਤਿਉਹਾਰ ਵੀ ਖੇਤੀ, ਮੌਸਮ ਤੇ ਮਨੁੱਖੀ ਨਸਲ ਦੇ ਵਧਣ-ਫੁੱਲਣ ਦੀਆਂ ਤਾਂਘਾਂ ਨਾਲ ਜੁੜਿਆ ਹੋਇਆ ਹੈ। ਇਹ ਸਿਆਲ ਰੁੱਤ ਦੇ ਬੀਤਣ ਤੇ ਗਰਮ ਰੁੱਤ ਦੀ ਆਮਦ ਦਾ ਪ੍ਰਵੇਸ਼ ਦੁਆਰ ਹੈ। ਸਮੁੱਚੀ ਫਿਜ਼ਾ ਨਵੀਂ ਕਰਵਟ ਲੈਂਦੀ ਹੈ। ਜਿਥੇ ਸਾਰੀ ਬਨਸਪਤੀ ਨਵੇਂ ਰੌਂਅ 'ਚ ਲਹਿਰਾਉਣ ਲੱਗਦੀ ਹੈ ਉਥੇ ਪਸ਼ੂ, ਪੰਛੀ ਤੇ ਮਾਨਸ ਜਾਤੀ ਵੀ ਖੇੜਾ ਮਹਿਸੂਸ ਕਰਦੀ ਹੈ। ਬਸੰਤ ਦੇ ਦਿਨੀਂ ਪੰਜਾਬ ਦੇ ਨੌਜਵਾਨਾਂ ਵਿੱਚ ਪਤੰਗਾਂ ਉਡਾਉਣ ਦਾ ਖ਼ਾਸ ਉਤਸ਼ਾਹ ਵੇਖਿਆ ਜਾਂਦਾ ਹੈ। 15 ਵੀਂ ਸਦੀ ਦੇ ਪਿਛਲੇ ਅੱਧ ਵਿੱਚ ਹੋਏ- ਬੀਤੇ ਸੂਫ਼ੀ ਸ਼ਾਇਰ ਸ਼ਾਹ ਹੁਸੈਨ ਦਾ ਇਸ ਪੁਰਬ ਨਾਲ ਖ਼ਾਸ ਸੰਬੰਧ ਜੁੜਦਾ ਹੈ। ਸ਼ਾਹ ਹੁਸੈਨ ਦਾ ਜਨਮ 1539 ਈ. ਵਿੱਚ ਹੋਇਆ।ਉਹ ਛੋਟੀ ਉਮਰੇ ਹੀ ਮਸਜਿਦ 'ਚ ਪੜ੍ਹਦਿਆਂ ਹੀ ਪ੍ਰਸਿੱਧ ਸੂਫ਼ੀ ਹਜ਼ਰਤ ਬਹਿਲੋਲ ਦੇ ਸੰਪਰਕ ਵਿੱਚ ਆ ਅਧਿਆਤਮਕ ਗਿਆਨ ਹਾਸਲ ਕਰਨ ਲੱਗਾ। ਸਮੁੱਚੇ ਕੁਰਾਨ ਸ਼ਰੀਫ਼ ਨੂੰ ਜ਼ੁਬਾਨੀ ਕੰਠਸਥ ਕਰ ਲਿਆ। ਇਕ ਵਾਰ ਕੁਰਾਨ ਸ਼ਰੀਫ਼ ਦੀ ਆਇਤ ਪੜ੍ਹਦਿਆਂ ਕਿ ਦੁਨੀਆਂ ਸਿਵਾਏ ਖੇਡ ਤਮਾਸ਼ੇ ਦੇ ਹੋਰ ਕੁਝ ਨਹੀਂ, ਉਹ ਮਸਤੀ ਵਿੱਚ ਝੂਮਣ ਲੱਗ ਪਿਆ ਅਤੇ ਮਕਤਬ (ਪਾਠਸ਼ਾਲਾ) ਛੱਡ ਕੇ ਗਲੀਆਂ ਵਿੱਚ ਫਿਰਨ ਲੱਗ ਪਿਆ। ਫਿਰ ਉਹ ਕਦੇ ਮਕਤਬ ਵੱਲ ਨਾ ਆਇਆ। ਤਾਅ ਹੱਯਾਤੀ ਸੂਫ਼ੀ ਰੰਗ ਵਿੱਚ ਰੱਤਾ ਰਿਹਾ। ਇਸ਼ਕ-ਏ-ਹਕੀਕੀ ਤੋਂ ਇਸ਼ਕ-ਏ-ਮਜਾਜੀ

ਵੱਲ ਕੀਤੇ ਪੰਧ ਨੂੰ ਸਰਲ ਪੰਜਾਬੀ ਮੁਹਾਵਰੇ ਵਿੱਚ ਗਾਉਂਦਾ-2 ਮਸਤ ਹੋ ਜਾਂਦਾ। ਉਸਨੂੰ ਬਾਦਸ਼ਾਹਾਂ, ਅਮੀਰਾਂ ਦੀ ਕੋਈ ਪ੍ਰਵਾਹ ਨਹੀਂ। ਫ਼ਕੀਰੀ ਦੇ ਰੰਗ ਵਿੱਚ ਲਬਾ-ਲਬ ਰੰਗਿਆ ਰਹਿੰਦਾ। ਉਸ ਦੀਆਂ ਕਾਫ਼ੀਆਂ ਸਰੋਤਿਆਂ ਨੂੰ ਮਸਤ ਕਰ ਦੇਂਦੀਆਂ। ਉਸ ਦੀ ਇਕ ਕਾਫ਼ੀ ਤੋਂ ਵੇਖਿਆ ਜਾ ਸਕਦਾ ਹੈ-

ਮੇਰੇ ਸਾਹਿਬਾ ਮੈਂ ਤੇਰੀ ਹੋ ਮੁੱਕੀ ਆਂ।
ਮਨਹੁ ਨਾ ਵਿਸਾਰੀਂ ਤੂੰ ਮੈਨੂੰ ਮੇਰੇ ਸਾਹਿਬਾ, ਹਰਿ ਗੱਲੋਂ ਮੈਂ ਚੁੱਕੀ ਆਂ।
ਅਉਗੁਣਿਆਰੀ ਨੂੰ ਕੋ ਗੁਣੁ ਨਾਹੀਂ, ਬਖਸਿ ਕਰੇਂ ਤਾਂ ਮੈਂ ਛੁਟੀ ਆਂ।
ਜਿਉਂ ਭਾਵੇ ਤਿਉਂ ਰਾਖ ਪਿਆਰਿਆ, ਦਾਵਣ ਤੇਰੇ ਮੈਂ ਲੁਕੀ ਆਂ।
ਜੇ ਤੂੰ ਨਜ਼ਰ ਮਿਹਰ ਦੀ ਪਾਵੇਂ, ਚੜ੍ਹਿ ਚਉਬਾਰੇ ਮੈਂ ਸੁੱਤੀ ਆਂ।
ਕਹੈ ਹੁਸੈਨ ਫ਼ਕੀਰ ਸਾਈਂ ਦਾ, ਦਰ ਤੇਰੇ ਦੀ ਮੈਂ ਕੁੱਤੀ ਆਂ।

1599 ਈ. ਵਿੱਚ ਸ਼ਾਹ ਹੁਸੈਨ ਫੌਤ ਹੋਇਆ। ਲਾਹੌਰ ਵਿੱਚ ਰਾਵੀ ਦੇ ਕੰਢੇ 'ਤੇ ਉਸਦਾ ਮਜਾਰ ਬਣਿਆ ਹੈ। ਪੰਜਾਬੀਆਂ ਦੇ ਦਿਲ ਦਾ ਦਰਦ ਸਮਝਣ ਤੇ ਬਿਆਨਣ ਵਾਲੇ ਉਸ ਸ਼ਾਇਰ ਦੇ ਮਜਾਰ ’ਤੇ ਹਰ ਸਾਲ ਬਸੰਤ ਪੰਚਮੀ ਨੂੰ ਮੇਲਾ ਲੱਗਦਾ ਹੈ। ਉਥੇ ਅੱਜ ਵੀ ਲੋਕ ਹੁੰਮ-ਹੁੰਮਾ ਕੇ ਪੁੱਜਦੇ ਹਨ ਤੇ ਉਸਦੇ ਮੇਲੇ ’ਤੇ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੋਏ ਨੌਜਵਾਨ ਉਥੇ ਪਤੰਗ ਉਡਾਉਣ ਦਾ ਸ਼ੌਕ ਵੀ ਪੁਗਾਉਂਦੇ ਹਨ।

ਬਸੰਤ ਪੰਚਮੀ ਨਾਲ ਸੰਬੰਧ ਦੂਜੀ ਘਟਨਾ ਹੈ ਬਾਲ ਹਕੀਕਤ ਰਾਇ ਦੀ ਸ਼ਹਾਦਤ। ਹਕੀਕਤ ਰਾਇ ਸਿਆਲਕੋਟ ਵਾਸੀ ਬਾਘ ਮੱਲ ਦਾ ਪੁੱਤਰ ਸੀ। ਇਹ ਸਹਿਜਧਾਰੀ ਸਿੱਖ ਪਰਿਵਾਰ ਸੀ। ਪਿਤਾ ਨੇ ਪੁੱਤਰ ਨੂੰ ਸ਼ਹਿਰ ਦੀ ਮਕਤਬ (ਪਾਠਸ਼ਾਲਾ) ਵਿੱਚ ਪੜ੍ਹਨੇ ਪਾਇਆ। ਇਕ ਦਿਨ ਜਮਾਤ ਦੇ ਮੁਸਲਮਾਨ ਮੁੰਡਿਆਂ ਨੇ ਹਕੀਕਤ ਰਾਇ ਨੂੰ ਸੰਬੋਧਤ ਹੁੰਦਿਆਂ ਹਿੰਦੂ ਦੇਵੀ ਬਾਰੇ ਅਯੋਗ ਸ਼ਬਦ ਕਹੇ। ਜਵਾਬ ਵਿੱਚ ਹਕੀਕਤ ਰਾਇ ਨੇ ਉਨ੍ਹਾਂ ਨੂੰ ਕਿਹਾ ਕਿ “ਜੇ ਇਹੀ ਸ਼ਬਦ ਹਜ਼ਰਤ ਮੁਹੰਮਦ ਸਾਹਿਬ ਦੀ ਬੇਟੀ ਫਾਤਿਮਾ ਸੰਬੰਧੀ ਕਹੇ ਜਾਣ ਤਾਂ ਤੁਹਾਨੂੰ ਕਿੰਨਾ ਬੁਰੇ ਲੱਗੇ, ਇਵੇਂ ਨਾ ਕਰੋ। ” ਮੁੰਡਿਆਂ ਨੇ ਹਕੀਕਤ ਰਾਇ ਨਾਲ ਝਗੜਾ ਕੀਤਾ। ਉਨ੍ਹਾਂ ਇਹ ਗੱਲ ਸਿਆਲਕੋਟ ਦੇ ਹਾਕਮ ਅਮੀਰ ਬੇਗ ਨੂੰ ਜਾ ਦੱਸੀ। ਉਸਦਾ ਚਲਾਨ ਲਾਹੌਰ ਦੇ ਸੂਬੇ ਪਾਸ ਕਰਵਾ ਦਿੱਤਾ। ਹਕੀਕਤ ਰਾਇ ਦੀ ਹਾਜ਼ਰ-ਜਵਾਬੀ ਤੇ ਤੀਖਣ ਬੁੱਧੀ ਭਾਂਪਦਿਆਂ ਪਹਿਲਾਂ ਦਾ ਮੌਲਾਣਿਆਂ ਤੇ ਹੁਕਮਰਾਨ ਨੇ ਹਕੀਕਤ ਰਾਇ ਨੂੰ ਇਸਲਾਮ ਵਿੱਚ ਸ਼ਾਮਲ ਕਰਵਾਉਣ ਦਾ ਯਤਨ ਕੀਤਾ। ਹਕੀਕਤ ਰਾਇ ਦੇ ਇਨਕਾਰ ਕਰਨ ਤੇ ਉਨ੍ਹਾਂ ਬਾਲ ਹਕੀਕਤ ਨੂੰ ਸਜ਼ਾ-ਏ-ਮੌਤ ਦਾ ਫ਼ਤਵਾ ਸੁਣਾ ਦਿੱਤਾ। ਬਸੰਤ ਪੰਚਮੀ ਵਾਲੇ ਦਿਨ ਲਾਹੌਰ ਦੇ ਨਖ਼ਾਸ ਬਜ਼ਾਰ ਵਿੱਚ ਜਿਥੇ ਹੁਣ ਲੰਡੇ ਬਜ਼ਾਰ ਵਿੱਚ ਸ਼ਹੀਦ ਗੰਜ ਹੈ, 1734 ਈ. (1791 ਸੰਮਤ) ਨੂੰ ਹਕੀਕਤ ਰਾਇ ਨੂੰ ਸ਼ਹੀਦ ਕਰ ਦਿੱਤਾ ਗਿਆ। ਲਾਹੌਰ ਤੋਂ ਚੜ੍ਹਦੇ ਵੱਲ ਇਕ ਮੀਲ ਦੀ ਵਿੱਥ 'ਤੇ ਉਸਦੀ ਸਮਾਧ ਬਣੀ ਹੈ, ਜਿਥੇ ਹਰ ਸਾਲ ਬਸੰਤ ਪੰਚਮੀ ਦਾ ਮੇਲਾ ਭਰਦਾ ਹੈ।

ਬਸੰਤ ਪੁਰਬ ਦੀ ਤੀਸਰੀ ਘਟਨਾ ਨਾਮਧਾਰੀ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਨਾਲ ਸੰਬੰਧਤ ਹੈ। ਬਸੰਤ ਪੰਚਮੀ ਵਾਲੇ ਦਿਨ ਪਿੰਡ ਰਾਈਆਂ ਜ਼ਿਲ੍ਹਾਂ ਲੁਧਿਆਣਾ ਵਿਖੇ ਪਿਤਾ ਬਾਬਾ ਜੱਸਾ ਸਿੰਘ ਤੇ ਮਾਤਾ ਸਦਾ ਕੌਰ ਦੇ ਘਰ 3 ਫਰਵਰੀ 1816 ਈ. ਨੂੰ ਉਨ੍ਹਾਂ ਦਾ ਅਵਤਾਰ ਹੋਇਆ। ਸਤਿਗੁਰੂ ਰਾਮ ਸਿੰਘ ਜੀ ਜਵਾਨੀ ਪਹਿਰ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਨੌਕਰ ਰਹੇ। ਢਹਿੰਦੇ ਸਿੱਖ ਰਾਜ ਨੂੰ ਅੱਖੀਂ ਦੇਖਿਆ, ਕਾਰਨ ਸਮਝੇ ਅਤੇ ਸੱਤ ਸਮੁੰਦਰੋਂ ਆਏ ਅੰਗਰੇਜ਼ ਨੂੰ ਭਾਰਤ 'ਚੋਂ ਖਦੇੜਨ ਦਾ ਤਹੱਈਆ ਕਰ ਲਿਆ। 1857 ਈ. ਨੂੰ ਵੈਸਾਖੀ ਵਾਲੇ ਦਿਨ ਨਾਮਧਾਰੀ ਲਹਿਰ ਸੰਗਠਿਤ ਰੂਪ ਵਿੱਚ ਬਣਾ ਬਰਤਾਨਵੀ ਲੋਟੂ ਨੀਤੀ ਵਾਲੇ ਬਸਤੀਕਾਰਾਂ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਦੀ ਲੜਾਈ ਵਿੱਢ ਲਈ। ਇਸ ਲਹਿਰ ਨੇ ਧਾਰਮਿਕ ਦਿੱਖ ਰੱਖ ਕੇ ਵੱਡੇ ਰਾਜਨੀਤਕ ਕਾਰਜ ਆਰੰਭ ਦਿੱਤੇ। ਜਦੋਂ ਅੰਗਰੇਜ਼ਾਂ ਨੇ ਇਸ ਗੱਲ ਨੂੰ ਸਮਝਿਆ ਤਾਂ ਉਨ੍ਹਾਂ ਕੂਕਿਆਂ ’ਤੇ ਦਮਨ ਚੱਕਰ ਚਲਾ ਦਿੱਤਾ। ਬੁੱਚੜ ਬੱਧ ਸਾਕਿਆਂ ਦਾ ਦੋਸ਼ ਸਤਿਗੁਰੂ ਰਾਮ ਸਿੰਘ ਜੀ 'ਤੇ ਲਾ ਕੇ ਉਨ੍ਹਾਂ ਨੂੰ 18 ਜਨਵਰੀ 1872 ਈ. ਨੂੰ ਸ੍ਰੀ ਭੈਣੀ ਸਾਹਿਬ ਤੋਂ ਜਲਾਵਤਨ ਕਰ ਦਿੱਤਾ। ਪਹਿਲਾਂ ਇਲਾਹਾਬਾਦ ਫਿਰ ਕਲਕੱਤੇ ਤੋਂ ਸਮੁੰਦਰੀ ਜਹਾਜ ਰਾਹੀਂ ਰੰਗੂਨ ਤੇ ਫਿਰ ਮਰਗੋਈ ਲੈ ਗਏ। ਇਵੇਂ ਹੀ ਵੱਖ-ਵੱਖ ਨਾਮਧਾਰੀ ਸੂਬਿਆਂ ਨੂੰ ਦੇਸੋਂ ਬਾਹਰ ਸਖ਼ਤ ਪਹਿਰੇ ਹੇਠ ਕਿਲਿਆਂ ਵਿੱਚ ਕੈਦ ਕੀਤਾ ਗਿਆ।

ਨਾਮਧਾਰੀ ਸੰਗਤ ਬਸੰਤ ਪੰਚਮੀ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਸਤਿਗੁਰੂ ਰਾਮ ਸਿੰਘ ਜੀ ਨੂੰ ਯਾਦ ਕਰਦਿਆਂ ਸ੍ਰੀ ਭੈਣੀ ਸਾਹਿਬ, ਜ਼ਿਲਾ ਲੁਧਿਆਣਾ (ਪੰਜਾਬ) ਵਿਖੇ ਹਰ ਸਾਲ ਮਨਾਉਂਦੀ ਹੈ।

# ਗੁਰਬਾਣੀ ਵਿਆਖਿਆ - ਜਾਪੁ

**ਸਰਬੰ ਦੇਵੰ॥ ਸਰਬੰ ਭੇਵੰ॥**

ਤੂੰ ਸਾਰਿਆਂ ਦਾ ਪੂਜਨੀਕ ਅਤੇ ਸਾਰਿਆਂ ਦਾ ਭੇਤੀ ਹੈਂ।

You are the deity and secret-keeper of all.

You are worshipped by all, and know everyone.

**ਸਰਬੰ ਕਾਲੇ॥ ਸਰਬੰ ਪਾਲੇ॥ ੭੮॥**

ਹੇ ਪ੍ਰਭੂ! ਤੂੰ ਹਰ ਸਮੇਂ ਸਾਰਿਆਂ ਨੂੰ ਪਾਲਦਾ ਹੈਂ।

O God! You are the sustainer of all in all times.

**ਰੂਆਲ ਛੰਦ॥ ਤ੍ਵ ਪ੍ਰਸਾਦਿ॥**

Ruaal Chhand. Twa Prasaadi

*Ruaal Chand*, with Your blessing

**ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ॥**

ਹੇ ਮਹਾਨ ਪੁਰਸ਼ਾਰਥ ਵਾਲੇ ਪ੍ਰਭੂ! ਤੂੰ ਆਦਿ-ਰੂਪ ਹੈਂ, ਤੇਰੀ ਮੂਰਤ ਆਦਿ ਤੋਂ ਰਹਿਤ ਹੈ
ਅਤੇ ਤੂੰ ਜੂਨੀਆਂ ਵਿੱਚ ਨਹੀਂ ਆਉਂਦਾ।

Aadi roop anaadi moorti ajoni purkh apaar.

O great God! You are primal source and without a beginning.

You do not fall in the cycle of births, deaths and rebirths.

O, The primal source and Eternal God! You are free of birth, death and limits.

**ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ॥**

ਤੂੰ ਸਾਰਿਆਂ ਦਾ ਪੂਜਣ ਯੋਗ, ਤਿੰਨਾਂ ਦੇਵਤਿਆਂ (ਬ੍ਰਹਮਾ,ਵਿਸ਼ਨੂੰ,ਸ਼ਿਵ) ਦਾ ਮਾਣ,
ਭੇਦ ਰਹਿਤ ਅਤੇ ਸ਼ੁਰੂ ਤੋਂ ਹੀ ਦਾਤਾਰ ਹੈਂ।

You are adorable for all and the pride and confidant of the Trinity
(Brahma, Vishnu and Mahesh).

You are the honor of all, venerated by the Trinity Gods (*Brahma, Vishnu, Mahesh*),
unbiased and generous by nature.

**ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ॥**

ਤੂੰ ਸਾਰਿਆਂ ਨੂੰ ਇਸ ਲੋਕ 'ਤੇ ਭੇਜਣ ਵਾਲਾ, ਪਾਲਣ ਵਾਲਾ
ਅਤੇ ਉਹਨਾਂ ਨੂੰ ਖਤਮ ਕਰਨ ਵਾਲਾ ਹੈਂ।

You are the sender of all to this world, their sustainer and destroyer also.

You sustain and destroy everyone, and give the next cycle (of life and death).

**ਜੱਤ੍ਰ ਤੱਤ੍ਰ ਬਿਰਾਜਹੀ ਅਵਿਧੂਤ ਰੂਪ ਰਸਾਲ॥੭੯॥**

ਤੂੰ ਸਭ ਜਗਾ ਤਿਆਗੀ ਹੋ ਕੇ ਰਸ ਸਹਿਤ ਬਿਰਾਜਦਾ ਹੈਂ।

You dwell everywhere as renunciate with your bliss.

Your essence dwells everywhere in spite of Your renunciation.

**ਨਾਮ ਠਾਮ ਨ ਜਾਤ ਜਾ ਕਰ ਰੂਪ ਰੰਗ ਨ ਰੇਖ॥**

ਤੇਰਾ ਕੋਈ ਨਾਮ, ਸਥਾਨ, ਰੂਪ, ਰੰਗ ਅਤੇ ਨਿਸ਼ਾਨ ਨਹੀਂ ਹੈ।

You have no name, place, caste, form, color and sign.

**ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ॥**

ਤੂੰ ਆਦਿ-ਪੁਰਖ, ਦਾਤਾ-ਰੂਪ, ਜਨਮ ਰਹਿਤ ਅਤੇ ਮੁੱਢ ਤੋਂ ਹੀ ਪੂਰਣ ਹੈਂ।

You are the primal force, giver, birth-less and perfect ab initio.

You are the primal God, generous by nature, unborn and perfect since the beginning.

**ਦੇਸ ਅਉਰ ਨ ਭੇਸ ਜਾ ਕਰ ਰੂਪ ਰੇਖ ਨ ਰਾਗ॥**

ਹੇ ਪ੍ਰਭੂ! ਤੇਰਾ ਕੋਈ ਵਿਸ਼ੇਸ ਦੇਸ, ਭੇਖ, ਰੂਪ, ਨਿਸ਼ਾਨ ਅਤੇ ਸ਼ਿੰਗਾਰ ਨਹੀਂ ਹੈ।

O God! You have no specific place, appearance, form, color and adornment.

**ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥੮੦॥**

ਤੂੰ ਸਭ ਦਿਸ਼ਾਵਾਂ ਅਤੇ ਉਪਦਿਸ਼ਾਵਾਂ ਵਿੱਚ ਪ੍ਰੇਮ ਰੂਪ ਹੋ ਕੇ ਫੈਲਿਆ ਹੋਇਆ ਹੈਂ।

You pervade in all the directions as love.

**ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥**

ਤੂੰ ਨਾਮ ਅਤੇ ਵਾਸ਼ਨਾ ਤੋਂ ਰਹਿਤ ਹੈਂ ਅਤੇ ਤੇਰਾ ਕੋਈ ਵਿਸ਼ੇਸ ਘਰ ਵੀ ਨਹੀਂ ਵੇਖਿਆ ਜਾਂਦਾ।

You are free from name and fragrance and you don't have any house of your own.

You are independent of names, desires and places.

**ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ॥**

ਤੇਰਾ ਸਰੂਪ ਭੂਤ ਕਾਲ ਵਿੱਚ ਸਾਰਿਆਂ ਦੇ ਮੰਨਣ ਯੋਗ ਸੀ, ਹੁਣ ਵੀ ਮੰਨਣ ਯੋਗ ਹੈ
ਅਤੇ ਭਵਿੱਖ ਵਿੱਚ ਸਾਰਿਆਂ ਦੇ ਮੰਨਣ ਯੋਗ ਹੋਵੇਗਾ।

Your essence was adorable for all in the past, it is and will remain adorable for ever.

You were, are and will be venerational for everyone.

**ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥**

ਤੇਰੀ ਇੱਕ ਮੂਰਤ ਦੇ ਅਨੇਕਾਂ ਦਰਸ਼ਨ-ਸ਼ਾਸਤ੍ਰਾਂ ਨੇ ਅਨੇਕਾਂ ਰੂਪ ਵਰਣਨ ਕੀਤੇ ਹਨ।

Numerous shastras and philosophies have described several forms of your one form.

Numerous philosphopies have described the 'One' You in numerous different forms.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਭਾਈ ਏਨਾ ਦਾ ਨੌਕਰ ਕੋਈ ਨਾ ਰਹੇ। ਜੋ ਰਹੂ ਸੋ ਬਹੁਤ ਔਖਾ ਹੋਊਗਾ। ਏਨਾ ਨੂ ਤਾ ਗੁਰੂ ਸਾਹਿਬ ਦਾ ਅਨਿਕ ਭਾਤ ਦੀ ਮਾਰ ਦਾ ਹੁਕਮ ਹੈ, ਅਗੇ ਗੁਰੂ ਜਾਣੇ। ਹੋਰ ਜੀ ਸਾਡੀ ਬਲਿ ਕੋਈ ਅਰਦਾਸ ਲਿਖੇ ਤਾ ਸੁਧ ਲਿਖਣੀ। ਕੋਈ ਕੋਈ ਚਿਠੀ ਐਸੀ ਆਈ ਹੈ ਬਹੁਤੁ ਖੰਡਿਤ, ਕੁਛ ਸਿਰਪੈਰ ਨਹੀ ਆਉਦਾ। ਹੋਰ ਭੇਖਾ ਦੀ ਸੇਵਾ ਕਰਨੀ ਜਥਾ ਸਕਤਿ, ਭਾਵੇ ਨਿੰਦਾ ਈ ਕਰਨ ਵਾਲਾ ਹੋਵੇ। ਸੇਵਾ ਕਰਨ ਵਾਲੇ ਕੋ ਸੇਵਾ ਕਾ ਫਲ, ਨਿੰਦਾ ਕਰਨ ਵਾਲੇ ਨੂ ਨਿੰਦਾ ਕਾ। ਆਪ ਸਭ ਕੇ ਸਾਥ ਅਨੰਦ ਰਹਿਣਾ।


# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਸਾਦਗੀ



ਮੈਨੂੰ ਇਹ ਪਤਾ ਲੱਗਾ ਹੈ ਕਿ ਕਈ ਸਾਡੀਆਂ ਨਾਮਧਾਰੀ ਲੜਕੀਆਂ ਵੀ ਜਦੋਂ ਵਿਆਹੀਆਂ ਜਾਂਦੀਆਂ ਨੇ, ਸੌ-ਸੌ ਸੂਟ ਬਣਾ ਕੇ ਰੱਖਦੀਆਂ ਨੇ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿੰਨੇ ਹੀ ਬੰਦੇ ਨੇ ਜਿਨ੍ਹਾਂ ਨੂੰ ਕੱਪੜਾ ਨਹੀਂ ਮਿਲਦਾ ਪਾਉਣ ਨੂੰ, ਕਿੰਨਿਆਂ ਨੂੰ ਰੋਟੀ ਨਹੀਂ ਮਿਲਦੀ ਖਾਣ ਨੂੰ, ਕਿੰਨਿਆਂ ਨੂੰ ਸੌਣ ਨੂੰ ਥਾਂ ਨਹੀਂ ਮਿਲਦਾ। ਇਹ ਓਧਰ ਲੱਗਣਾ ਚਾਹੀਦਾ ਹੈ ਕਿ ਸਾਡੇ ਸੂਟਾਂ 'ਤੇ ਹੀ ਲੱਗੀ ਜਾਵੇ। ਲੜਕੀਆਂ ਦੇ ਮਾਤਾ-ਪਿਤਾ ਤੇ ਸਹੁਰੇ ਵੀ ਅੱਖਾਂ ਮੀਟ ਕੇ ਇਸ ਹਨ੍ਹੇਰੇ ਵਿੱਚ ਭੱਜੇ ਜਾਂਦੇ ਨੇ ਤੇ ਪਤਾ ਨਹੀਂ ਉਸ ਹਨ੍ਹੇਰੇ ਨੇ ਸਾਨੂੰ ਕਿਹੜੇ ਟੋਏ ਵਿੱਚ ਸੁੱਟਣਾ ਹੈ। ਜਿਹੜੀਆਂ ਲੜਕੀਆਂ ਤੁਸੀਂ ਏਥੇ ਬੈਠੀਆਂ ਹੋ (ਵਿਦਿਅਕ ਸੰਮੇਲਨ ਸਮੇਂ) ਤੁਹਾਨੂੰ ਇਹ ਚਾਹੀਦਾ ਹੈ ਕਿ ਚਾਰ ਸੂਟ ਰੱਖੋ, ਇਹ ਵੀ ਬਹੁਤ ਜਿਆਦਾ ਨੇ, ਦੋ ਨਾਲ ਵੀ ਕੰਮ ਸਰ ਜਾਂਦਾ ਹੈ, ਪਰ ਚਾਰ ਸੂਟਾਂ ਤੋਂ ਵੱਧ ਬਿਲਕੁਲ ਤੁਹਾਡੇ ਘਰ ਵਿੱਚ ਹੋਰ ਕੱਪੜਾ ਨਹੀਂ ਹੋਣਾ ਚਾਹੀਦਾ ਤੇ ਉਹ ਸੂਟ ਫ਼ੈਸਨ ਵਾਲੇ ਨਹੀਂ ਹੋਣੇ ਚਾਹੀਦੇ, ਉਹ ਬਿਲਕੁਲ ਸਾਦੇ ਕੱਪੜੇ ਦੇ ਹੋਣੇ ਚਾਹੀਦੇ ਨੇ। ਸਾਦਗੀ ਸਭ ਤੋਂ ਜ਼ਰੂਰੀ ਹੈ ਜਿਹੜੀ ਅਸੀਂ ਆਪ ਅਪਨਾਈਏ ਤੇ ਲੋਕਾਂ ਨੂੰ ਏਸ ਪਾਸੇ ਲਾਈਏ।

# ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਦੇ ਅਣਫੋਲੇ ਵਰਕੇ



**ਡਾ. ਲਖਵੀਰ ਸਿੰਘ ਨਾਮਧਾਰੀ**
**98768-50680**

**- ਸ਼ਾਹੀ ਕੈਦੀ ਗੁਰੂ ਰਾਮ ਸਿੰਘ ਦੇ ਖਤਾਂ ਨੂੰ ਰੋਕਣ ਵਿੱਚ ਅਸਫਲ ਰਹੀ ਬਰਤਾਨਵੀ ਹਕੂਮਤ**
**- ਕੂਕਾ ਅੰਦੋਲਨ ਦੇ ਅਤੀ ਕਾਲੇ ਦੌਰ ਵਿੱਚ ਵੀ ਆਜ਼ਾਦੀ ਦੀ ਜੋਤ ਲਟ ਲਟ ਬਲਦੀ ਰਹੀ**
**- ਗੁਰੂ ਰਾਮ ਸਿੰਘ ਵੱਲੋਂ ਨਜ਼ਰਬੰਦੀ ਦੌਰਾਨ ਜੇਲ੍ਹ ਵਿਚੋਂ ਲਿਖੇ 64 ਖਤਾਂ ਦੀ ਵਾਰਤਾ**
**(ਆਜ਼ਾਦੀ ਦੇ 75ਵੇਂ ਅਤੇ ਗੁਰੂ ਰਾਮ ਸਿੰਘ ਦੇ ਪ੍ਰਦੇਸ਼ ਗਵਨ ਦੇ 150ਵੇਂ ਵਰ੍ਹੇ ਨੂੰ ਸਮਰਪਿਤ)**

ਬਰਤਾਨਵੀ ਹਕੂਮਤ ਨੇ ਭਾਰਤ ਵਿੱਚ ਆਪਣਾ ਰਾਜ ਭਾਗ ਸਥਾਪਤ ਕਰਨ ਲਈ ਜਿਥੇ ਭਾਰਤੀ ਰਾਜਿਆਂ-ਮਹਾਂਰਾਜਿਆਂ ਨਾਲ ਸੰਧੀਆਂ ਕਰਕੇ ਪਹਿਲਾਂ ਦੋਸਤਾਨਾ ਸਬੰਧ ਬਣਾਏ ਅਤੇ ਮਗਰੋਂ ਕੁਟਲ ਨੀਤੀਆਂ ਨਾਲ ਆਪਣੇ ਗੁਲਾਮ ਬਣਾਕੇ ਜੇਲ੍ਹਾਂ ਵਿੱਚ ਡੱਕ ਦਿੱਤਾ ਉਥੇ ਉਹਨਾਂ ਦੇਸ਼ ਦੀ ਆਜ਼ਾਦੀ ਲਈ ਆਵਾਜ਼ ਬੁਲੰਦ ਕਰਨ ਵਾਲੇ ਦੇਸ਼ ਭਗਤਾਂ, ਆਜ਼ਾਦੀ ਘੁਲਾਟੀਆਂ, ਅਣਖੀ ਯੋਧਿਆਂ, ਸਿੱਖ ਕੌਮ ਦੇ ਹੀਰਿਆਂ ਨੂੰ ਵੀ ਜੇਲ੍ਹਾਂ ਵਿਚ ਡੱਕ ਦਿੱਤਾ, ਫਾਂਸੀਆਂ ਤੇ ਲਟਕਾ ਦਿੱਤਾ, ਤੋਪਾਂ ਨਾਲ ਉਡਾ ਦਿੱਤਾ ਜਾਂ ਕਾਲੇਪਾਣੀ, ਪ੍ਰਦੇਸ ਗਵਨ ਕਰਕੇ ਅੰਨ੍ਹਾਂ ਤਸ਼ੱਦਦ ਢਾਹਿਆ।


ਬਰਤਾਨਵੀ ਹਕੂਮਤ ਨੇ ਭਾਰਤ ਦੀ ਆਜ਼ਾਦੀ ਲਈ ਉਭਰੇ ਪਲੇਠੇ ਸੰਘਰਸ਼ ਕੂਕਾ ਅੰਦੋਲਨ ਦੇ ਯੋਧਿਆਂ ਨੂੰ ਅੰਮ੍ਰਿਤਸਰ, ਰਾਏਕੋਟ ਅਤੇ ਲੁਧਿਆਣਾ ਵਿਖੇ ਖੁਲ੍ਹੇਆਮ ਫਾਂਸੀਆਂ ਤੇ ਲਟਕਾ ਦਿੱਤਾ ਅਤੇ 17-18 ਜਨਵਰੀ 1872 ਈ. ਨੂੰ ਮਲੇਰਕੋਟਲੇ ਵਿਖੇ 67 ਸਿੰਘਾਂ ਨੂੰ ਤੋਪਾਂ ਨਾਲ ਉਡਾ ਦਿੱਤਾ। ਅੰਗਰੇਜ਼ ਹਕੂਮਤ ਨੇ ਅੱਤਿਆਚਾਰਾਂ ਦੇ ਹੱਦ ਬੰਨੇ ਪਾਰ ਕਰਦਿਆਂ 12 ਸਾਲ ਦੇ ਨਿੱਕੇ ਬੱਚੇ ਬਿਸ਼ਨ ਸਿੰਘ ਦੇ ਉਸਦੀ ਮਾਤਾ ਸਾਹਮਣੇ ਤਲਵਾਰਾਂ ਨਾਲ ਟੋਟੇ ਟੋਟੇ ਕਰ ਦਿੱਤੇ। 18 ਜਨਵਰੀ ਦੀ ਰਾਤ ਨੂੰ ਕੂਕਾ ਅੰਦੋਲਨ ਦੇ ਝਮਡਾ ਬਰਦਾਰ ਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਵੱਖ-ਵੱਖ ਇਲਾਕਿਆਂ ਵਿੱਚ ਆਜ਼ਾਦੀ ਦੇ ਘੋਲ ਵਿੱਚ ਸਰਗਰਮ ਨੌਂ ਸੂਬਿਆਂ ਨੂੰ ਕਾਲੇ ਪਾਣੀ ਪ੍ਰਦੇਸ ਗਵਨ ਕਰ ਦਿੱਤਾ। ਸਮੁੱਚੇ ਦੇਸ਼ ਵਿੱਚ ਵੱਸਦੇ ਸਿਰਕੱਢ ਨਾਮਧਾਰੀਆਂ ਨੂੰ ਥਾਉਂ-ਥਾਈਂ ਜੇਲ੍ਹਾਂ ਵਿੱਚ ਡੱਕ ਦਿੱਤਾ। ਅੰਗਰੇਜ਼ ਨੇ ਭੈਣੀ ਸਾਹਿਬ ਡੇਰੇ ਦਾ ਚੱਪਾ ਚੱਪਾ ਛਾਣ ਮਾਰਿਆ ਅਤੇ ਗੁਰਦੁਆਰੇ ਦੀ ਹਰ ਬੇਸ਼ ਕੀਮਤੀ ਚੀਜ਼ ਜਬਤ ਕਰਕੇ ਭੈਣੀ ਸਾਹਿਬ ਵਿੰਚ ਪੱਕੀ ਪੁਲਿਸ ਚੌਂਕੀ ਬਿਠਾ ਦਿੱਤੀ ਜੋ 1872 ਤੋਂ 1923 ਈ. ਤੱਕ 51 ਸਾਲ ਰਹੀ। ਪੰਜਾਬ ਦੇ ਪਿੰਡਾਂ ਵਿੱਚ ਮੁਨਿਆਦੀ ਕਰਵਾ ਦਿੱਤੀ ਕਿ ਪਿੰਡਾਂ ਵਿਚੋਂ ਕੋਈ ਵੀ ਕੂਕਾ ਪਿੰਡ ਤੋਂ ਬਾਹਰ ਨਾ ਜਾਵੇ ਅਤੇ ਬਾਹਰਲੇ ਪਿੰਡ ਦਾ ਕੋਈ ਵੀ ਕੂਕਾ ਪਿੰਡ ਵਿੱਚ ਆਉਂਦਾ ਹੈ ਤਾਂ ਨੰਬਰਦਾਰ ਤੁਰੰਤ ਪੁਲਿਸ ਨੂੰ ਸੂਚਿਤ ਕਰੇ। ਅੰਗਰੇਜ਼ ਹਕੂਮਤ ਨੇ ਨਾਮਧਾਰੀ ਸੰਪਰਦਾ ਦੀਆਂ ਜਮੀਨਾਂ ਜਾਇਦਾਦਾਂ ਜਬਤ ਕਰਕੇ ਨਾਮਧਾਰੀਆਂ ਨੂੰ ਜ਼ਰਾਇਮ ਪੇਸ਼ਾ ਬਾਗੀ ਕਰਾਰ ਦੇ ਦਿੱਤਾ।

ਨਾਮਧਾਰੀਆਂ ਨੂੰ ਕੋਈ ਥਹੁ ਪਤਾ ਨਹੀਂ ਸੀ ਕਿ ਗੋਰੀ ਸਰਕਾਰ ਉਹਨਾਂ ਦੇ ਸਰਬਰਾਹ ਗੁਰੂ ਰਾਮ ਸਿੰਘ ਨੂੰ ਕਿਥੇ ਲੈ ਗਈ। ਨਾਮਧਾਰੀਆਂ ਦੇ ਵਿਛੋੜੇ ਵਿੱਚ ਤੜਫਦਿਆਂ ਦੇ ਮਹੀਨਿਆਂ ਦੇ ਮਹੀਨੇ ਅਤੇ ਸਾਲਾਂ ਦੇ ਸਾਲ ਗੁਜ਼ਰਦੇ ਗਏ। ਸਿੰਘ ਪੁਲਿਸ ਦਫਤਰਾਂ ਅਤੇ ਅੰਗਰੇਜ਼ ਅਫ਼ਸਰਾਂ ਕੋਲ ਚੱਕਰ ਕੱਟਦੇ ਪਰ ਕੁਝ ਵੀ ਪਿੜ ਪੱਲੇ ਨਾ ਪੈਂਦਾ। ਇਕ ਦਿਨ ਸੀਨੇ ਵਿੱਚ ਵਿਛੋੜੇ ਦੇ ਦਰਦ ਨਾਲ ਤੜਪਦੇ ਬਾਬਾ ਦਰਬਾਰਾ ਸਿੰਘ ਅੰਗਰੇਜ਼ ਅਧਿਕਾਰੀ ਪੁਲਿਸ ਸੁਪਰਡੈਂਟ ਬਾਰਬਰਟਨ ਦੀ ਰਹਾਇਸ਼ ਗਾਹ ਤੇ ਲੁਧਿਆਣੇ ਚਲੇ ਗਏ ਬਾਰਬਰਟਨ ਨੇ ਗੁਰੂ ਰਾਮ ਸਿੰਘ ਬਾਰੇ ਕੋਈ ਵੀ ਜਾਣਕਾਰੀ ਨਾ ਦਿੱਤੀ। ਪਰ ਬਾਰਬਰਟਨ ਦੀ ਮੇਮ ਨੇ ਦਰਬਾਰਾ ਸਿੰਘ ਤੇ ਤਰਸ ਕਰਦਿਆਂ ਗੁਰੂ ਰਾਮ ਸਿੰਘ ਨੂੰ ਕਾਲੇ ਪਾਣੀ ਭੇਜੇ ਜਾਣ ਬਾਰੇ ਜਾਣਕਾਰੀ ਦੇ ਦਿੱਤੀ ਅਤੇ ਪਤਾ ਟਿਕਾਣਾ ਵੀ ਦੱਸ ਦਿੱਤਾ। ਜਨਵਰੀ 1875 ਈ. ਵਿੱਚ ਬਾਬਾ ਦਰਬਾਰਾ ਸਿੰਘ ਭੈਣੀ ਸਾਹਿਬ ਗੁਰੂ ਰਾਮ ਸਿੰਘ ਦੇ ਛੋਟੇ ਭਰਾਤਾ ਭਾਈ ਬੁੱਧ ਸਿੰਘ ਤੋਂ ਆਗਿਆ ਲੈ ਕੇ, ਪੁਲਿਸ ਦੇ ਪਿੱਛਾ ਕਰਨ ਦੇ ਡਰੋਂ ਭੇਸ

ਬਦਲਕੇ ਬਰਮਾਂ ਦੇ ਸ਼ਹਿਰ ਰੰਗੂਨ ਜਾ ਪਹੁੰਚਿਆ। ਰੰਗੂਨ ਵਿੱਚੋਂ ਸਰਕਾਰ ਦੀਆਂ ਸਖਤੀਆਂ ਅਤੇ ਪਹਿਰਿਆਂ ਨੂੰ ਝਕਾਨੀਆਂ ਦੇ ਕੇ ਇਕ ਬੰਗਲੇ ਵਿੱਚ ਨਜ਼ਰਬੰਦ ਗੁਰੂ ਰਾਮ ਸਿੰਘ ਨੂੰ ਮਿਲਣ ਵਿੱਚ ਸਫ਼ਲ ਹੋ ਗਿਆ ਅਤੇ ਗੁਰੂ ਰਾਮ ਸਿੰਘ ਦਾ ਪਹਿਲਾ ਖਤ ਲੈ ਕੇ ਭੈਣੀ ਸਾਹਿਬ ਆਇਆ। ਇਸ ਖਤ ਵਿੱਚ ਗੁਰੂ ਰਾਮ ਸਿੰਘ ਨੇ ਭਾਈ ਬੁੱਧ ਸਿੰਘ ਨੂੰ ਪੰਜਾਬ ਵਿੱਚ ਕੂਕਾ ਅੰਦੋਲਨ ਦੀ ਜਿੰਮੇਵਾਰੀ ਸੌਂਪੀ ਅਤੇ ਅੰਗਰੇਜ਼ ਤੋਂ ਗੁਪਤ ਸੰਕੇਤ ਲਈ ਭਾਈ ਬੁੱਧ ਸਿੰਘ ਦਾ ਨਾਂਅ ਭਾਈ ਹਰੀ ਸਿੰਘ ਰੱਖਿਆ।

ਬਰਤਾਨਵੀ ਹਕੂਮਤ ਨੇ ਬਰਮਾਂ ਦੇ ਸ਼ਹਿਰ ਰੰਗੂਨ ਵਿੱਚ ਗੁਰੂ ਰਾਮ ਸਿੰਘ ਨੂੰ ਸ਼ਾਹੀ ਕੈਦੀ ਦੇ ਰੂਪ ਵਿੱਚ ਅਤੇ ਭਾਈ ਨਾਨੂੰ ਸਿੰਘ ਨੂੰ ਗੁਰੂ ਰਾਮ ਸਿੰਘ ਦੇ ਸੇਵਾਦਾਰ ਵਜੋਂ ਟਹਿਲ ਪਾਣੀ ਰੱਖਣ ਲਈ ਇਕ ਬੰਗਲੇ ਵਿੱਚ ਨਜ਼ਰਬੰਦ ਕੀਤਾ ਹੋਇਆ ਸੀ। ਇਹ ਉਹ ਬੰਗਲਾ ਸੀ ਜਿਥੇ ਦਿੱਲੀ ਤਖਤ ਦੇ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜਫ਼ਰ ਨੂੰ ਨਜ਼ਰਬੰਦ ਰੱਖਿਆ ਹੋਇਆ ਸੀ। ਰੰਗੂਨ ਸ਼ਹਿਰ ਦੇ ਵਾਇਲਜ਼ ਰੋਡ ਤੇ ਸਥਿਤ ਇਹ ਬੰਗਲਾ 44×44ਫੁੱਟ ਵਿੱਚ ਬਣਿਆ ਹੋਇਆ ਸੀ। ਜਿਸ ਵਿੱਚ ਚਾਰ ਵੱਡੇ ਕਮਰੇ, ਗੁਸਲਖਾਨਾ ਤੇ ਰਸੋਈ ਸੀ। ਬੰਗਲੇ ਦੇ ਚਾਰੇ ਪਾਸੇ 27ਫੁੱਟ ਥਾਂ ਛੱਡਕੇ 8.6ਫੁੱਟ ਉੱਚਾ ਜੰਗਲਾ ਸੀ। ਜੰਗਲੇ ਦੇ ਬਾਹਰ 5 ਫੁੱਟ ਚੌੜੀ ਅਤੇ ਡੂੰਘੀ ਖਾਈ ਪੁੱਟੀ ਹੋਈ ਸੀ ਜੋ ਹਰ ਸਮੇਂ ਪਾਣੀ ਨਾਲ ਭਰੀ ਰਹਿੰਦੀ। ਖਾਈ ਦੇ ਨਾਲ ਤੁਰਨ ਫਿਰਨ ਲਈ ਥਾਂ ਛੱਡਕੇ ਚਾਰੇ ਪਾਸੇ ਉਚੀ ਕੰਧ ਸੀ। ਕੰਧਾਂ ਦੇ ਚਾਰੇ ਕੋਨਿਆਂ ਵਿੱਚ ਪੁਲਿਸ ਹੱਟਜ਼ ਬਣੀਆਂ ਹੋਈਆਂ ਸਨ ਜਿਥੇ ਹਰ ਸਮੇਂ ਦਿਨ ਵੇਲੇ ਭਾਰਤੀ ਸਿਪਾਹੀਆਂ ਦਾ ਪਹਿਰਾ ਹੁੰਦਾ ਅਤੇ ਰਾਤ ਸਮੇਂ ਬਰਤਾਨਵੀ ਸਿਪਾਹੀ ਤਾਇਨਾਤ ਰਹਿੰਦੇ।

ਏਧਰ ਪੰਜਾਬ ਵਿੱਚ ਭਾਵੇਂ ਸਰਕਾਰ ਨੇ ਨਾਮਧਾਰੀਆਂ ਤੇ ਬਹੁਤ ਸਖਤੀਆਂ ਕੀਤੀਆਂ ਹੋਈਆਂ ਸਨ ਪਰ ਕੂਕਾ ਅੰਦੋਲਨ ਦੇ ਜੁਝਾਰੂ ਸਿੰਘ ਸਖ਼ਤੀਆਂ ਅਤੇ ਕਠਿਨਾਈਆਂ ਦੇ ਕਾਲੇ ਦੌਰ ਵਿੱਚ ਵੀ ਨਾ ਡਰੇ ਨਾ ਹੀ ਘਬਰਾਏ, ਸਗੋਂ ਭੈਣੀ ਸਾਹਿਬ ਤੋਂ ਇਲਾਵਾ ਮਾਝੇ, ਮਾਲਵੇ, ਦੁਆਬੇ, ਪੋਠੋਹਾਰ, ਪੁਆਧ ਦੇ ਇਲਾਕਿਆਂ 'ਚੋਂ ਸੈਂਕੜੇ ਸਿੰਘ ਗੁਰੂ ਰਾਮ ਸਿੰਘ ਜੀ ਦੇ ਇਸ ਬੰਗਲੇ ਵਿੱਚ ਪਹੁੰਚਦੇ ਰਹੇ। ਪੁਲਿਸ ਦੇ ਸਖਤ ਪਹਿਰਿਆਂ ਵਿਚੋਂ ਆਪਣੇ ਪ੍ਰੀਤਮ ਪਿਆਰੇ ਨੂੰ ਮਿਲਣ ਅਤੇ ਆਜ਼ਾਦੀ ਪ੍ਰਾਪਤੀ ਲਈ ਯੋਜਨਾਵਾਂ ਉਲੀਕਣ ਲਈ ਆਪਣੀਆਂ ਜਾਨਾਂ ਦੀ ਵੀ ਪ੍ਰਵਾਹ ਨਾ ਕਰਦੇ। ਸਿੰਘ ਭੈਣੀ ਸਾਹਿਬ ਤੋਂ ਗੁਰੂ ਹਰੀ ਸਿੰਘ ਜੀ ਤੋਂ ਆਗਿਆ ਅਤੇ ਲਿਖਤੀ ਸੰਦੇਸ਼ ਲੈ ਕੇ ਰੰਗੂਨ ਵੱਲ ਚਾਲੇ ਪਾ ਦਿੰਦੇ। ਨਾਮਧਾਰੀਆਂ ਨੂੰ ਬਾਗੀ ਕਰਾਰ ਦਿੱਤਾ ਹੋਣ ਕਰਕੇ ਸਿੰਘ ਪੁਲਿਸ ਸਖਤੀਆਂ ਤੋਂ ਬਚਣ ਲਈ ਭੇਸ਼ ਬਦਲਕੇ, ਵੱਡੇ ਖਰਚ ਖੇਚਲ ਝੱਲਦੇ, ਜਾਨ ਤਲੀ ਤੇ ਧਰਕੇ, ਹਜਾਰਾਂ ਮੀਲ ਦਾ ਸਮੁੰਦਰੀ ਅਤੇ ਪੈਦਲ ਸਫਰ ਤਹਿ ਕਰਕੇ ਰੰਗੂਨ ਬੰਗਲੇ ਵਿੱਚ ਨਜ਼ਰਬੰਦ ਸਤਿਗੁਰੂ ਰਾਮ ਸਿੰਘ ਨੂੰ ਜਾ ਮਿਲਦੇ। ਬੰਗਲੇ ਦੇ ਸਾਹਮਣੇ ਵਾਇਲਜ਼ ਰੋਡ ਤੇ ਆਵਾਜਾਈ ਦੀ ਭਾਵੇਂ ਕੋਈ ਪਾਬੰਦੀ ਨਹੀਂ ਸੀ ਪਰ ਬੰਗਲੇ ਨੇੜੇ ਸਰਕਾਰ ਵੱਲੋਂ ਕਿਸੇ ਨੂੰ ਖੜ੍ਹਨ ਜਾਂ ਰੁਕਣ ਦੀ ਆਗਿਆ ਨਹੀਂ ਸੀ। ਇਸ ਰੋਡ ਤੇ ਬੰਗਲੇ ਤੋਂ ਕੁਝ ਦੂਰ ਇਕ ਅੰਬ ਦਾ ਰੁੱਖ ਲੱਗਿਆ ਹੋਇਆ ਸੀ। ਇਸ ਅੰਬ ਹੇਠ ਛਾਂ ਦੇ ਬਹਾਨੇ ਜਾਂ ਕਿਸੇ ਰਾਹੀਂ ਦੀ ਉਡੀਕ ਦੇ ਬਹਾਨੇ ਸਿੰਘ ਰੁਕਦੇ। ਗੁਰੂ ਰਾਮ ਸਿੰਘ ਉਪਰਲੀ ਮੰਜ਼ਲ ਤੇ ਵਰਾਂਡੇ ਵਿੱਚ ਦੀਦ ਦੇ ਪਿਆਸੇ ਸਿੰਘਾਂ ਨੂੰ ਆ ਦਰਸ਼ਨ ਦਿੰਦੇ। ਸਿੰਘ ਪੰਜਾਬ ਤੋਂ ਲਿਆਂਦੇ ਖਤ ਪੱਥਰ ਦੇ ਬੱਟੇ ਦੁਆਲੇ ਧਾਗੇ ਨਾਲ ਬੰਨ੍ਹ ਕੇ ਜਾਂ ਕਪੜੇ ਵਿਚ ਲਪੇਟਕੇ ਕੰਧ ਉਪਰੋਂ ਦੀ ਅੰਦਰ ਸੁੱਟ ਦਿੰਦੇ ਅਤੇ ਗੁਰੂ ਰਾਮ ਸਿੰਘ ਆਪਣੀਆਂ ਲਿਖਤਾਂ ਨੂੰ ਕਿਸੇ ਭਾਰੀ ਚੀਜ਼ ਨਾਲ ਬੰਨ੍ਹਕੇ ਬਾਹਰ ਸੁੱਟਦੇ। ਸਿੰਘ ਇਹ ਖਤ ਚੁੱਕਦੇ ਅਤੇ




PHOTOSTAT COPY OF A LETTER OF BABA RAM SINGH TO RUSSIA
(Courtesy : USSR Embassy, New Delhi)

ਹਸਤ ਲਿਖਤ ਗੁਰੂ ਰਾਮ ਸਿੰਘ

ਸੁਰੱਖਿਅਤ ਥਾਵਾਂ ਤੇ ਲਿਜਾਕੇ ਮੱਥੇ ਅਤੇ ਸੀਨੇ ਨਾਲ ਲਾਉਂਦੇ ਅਤੇ ਪੜ੍ਹਦੇ। ਖਤਾਂ ਵਿਚ ਗੁਰੂ ਜੀ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਲਿਖਦੇ ਅਤੇ ਉਸੇ ਤਰੀਕੇ ਨਾਲ ਕੰਧਾਂ ਉਪਰੋਂ ਦੀ ਖਤਾਂ ਦਾ ਅਦਾਨ ਪ੍ਰਦਾਨ ਹੁੰਦਾ। ਕਈ ਵਾਰੀ ਕਈ ਕਈ ਦਿਨ ਪੁਲਿਸ ਦੀ ਸਖਤਾਈ ਕਾਰਨ ਖਤਾਂ ਦੇ ਦੇਣ ਲੈਣ ਦਾ ਮੌਕਾ ਵੀ ਨਾ ਮਿਲਦਾ। ਇਸ ਤਰ੍ਹਾਂ ਗੁਪਤ ਦਾਅ ਪੇਚਾਂ ਨਾਲ ਲਏ ਗਏ ਖਤਾਂ ਦੀ ਗਿਣਤੀ ਸੈਂਕੜਿਆਂ ਵਿੱਚ ਹੈ ਜਿੰਨ੍ਹਾਂ ਵਿਚੋਂ 64 ਅੱਜ ਵੀ ਸੁਰੱਖਿਅਤ ਹਨ ਅਤੇ ਇਕ 538 ਸਫਿਆਂ ਦੀ ਪੋਥੀ ਦੇ ਰੂਪ ਵਿੱਚ ਛਪੇ ਹੋਏ ਹਨ। ਇਤਿਹਾਸਕਾਰਾਂ ਨੇ ਇਹਨਾਂ ਖਤਾਂ ਨੂੰ ਹੁਕਮਨਾਮਿਆਂ ਦਾ ਨਾਮ ਦਿੱਤਾ ਹੈ ਅਤੇ ਸਿੰਘਾਂ ਵੱਲੋਂ ਗੁਰੂ ਜੀ ਨੂੰ ਦਿੱਤੇ ਖਤਾਂ ਨੂੰ ਹਰਿਦਾਸਾਂ ਲਿਖਿਆ ਗਿਆ ਹੈ। ਇਹ ਹੁਕਮਨਾਮੇ ਸਿੰਘਾਂ ਨੂੰ ਦੇਣ ਦੇ ਢੰਗਾਂ ਬਾਰੇ ਗੁਰੂ ਰਾਮ ਸਿੰਘ ਆਪਣੀਆਂ ਲਿਖਤਾਂ ਵਿੱਚ ਲਿਖਦੇ ਹਨ:-

"ਅਰ ਤੁਸੀ ਉਸੇ ਅੰਬ ਹੇਠ ਬੈਠਿਆ ਕਰੋ, ਨੇੜੇ ਨਹੀ ਬੈਠਣਾ, ਜਦ ਅਸੀ਼ ਪੱਲਾ ਹਲਾਈਏ ਤਾ ਆਇ ਜਾਣਾ, ਬੋਲਣਾ ਨਹੀ ਖੜੇ ਨਹੀ ਹੋਣਾ, ਤੁਰੇ ਜਾਂਦੇ ਦਰਸ਼ਨ ਦੇ ਜਾਣਾ ਭਾਵੇ ਬੀਸ ਵਾਰ। ਹੋਰ ਭਾਈ ਤੁਸਾ ਦਾ ਧੰਨ ਜਨਮ ਹੈ ਜੋ ਏਨੀ ਦੂਰ ਸਮੁੰਦਰੋ ਪਾਰ ਆ ਕੇ ਦਰਸ਼ਨ ਦਿੱਤਾ। ਏਨਾ ਤਸੀਹਾ ਸਹਿਆ। ਸਾਨੂੰ ਤਾਂ ਪੰਜਾਬ ਦੇ ਮਨੁੱਖ ਦਾ ਦੀਦਾਰ ਹੋਣਾ ਜੀ ਬੜਾ ਦੁਰਲੰਭ ਹੈ। (ਹੁਕਮਨਾਮਾ-9ਵਾਂ)

ਪੰਜਾਬ ਤੋਂ ਰੰਗੂਨ ਪਹੁੰਚੇ ਇਹ ਨਾਮਧਾਰੀ ਸਿੰਘ ਫੈਰੀ ਸਟਰੀਟ ਵਿੱਚ ਸ਼ਿਵ ਮੰਦਰ, ਕ੍ਰਿਸ਼ਨਾਂ ਟੈਂਪਲ, ਕਾਲੀ ਬੜੀ ਮੰਦਰ ਰਹਿੰਦੇ। ਬੰਗਲੇ ਦੇ ਨੇੜੇ ਇਕ ਬੈਰਾਗੀ ਫਕੀਰ ਅਤੇ ਮਛੂਆ ਬਜ਼ਾਰ ਸਟਰੀਟ ਦੇ ਬਿਹਾਰੀ ਸਿੰਘ, ਸਿੰਘਾਂ ਦੀ ਹਰ ਤਰ੍ਹਾਂ ਦੀ ਮਦਦ ਕਰਦੇ ਅਤੇ ਹੁਕਮਨਾਮੇ ਲੈਣ-ਦੇਣ ਵਿੱਚ ਵੀ ਸਿੰਘਾਂ ਦਾ ਵਫਾਦਾਰੀ ਨਾਲ ਸਹਿਯੋਗ ਕਰਦੇ। ਰੰਗੂਨ ਆਉਣ ਜਾਣ ਵਾਲੇ ਸਿੰਘਾਂ ਨੇ ਗੁਰੂ ਰਾਮ ਸਿੰਘ ਦੇ ਨਿਕਟਵਰਤੀ ਸੂਬਾ ਲੱਖਾ ਸਿੰਘ, ਸੂਬਾ ਬ੍ਰਹਮਾ ਸਿੰਘ, ਸੂਬਾ ਜਵਾਹਰ ਸਿੰਘ ਨਾਲ ਵੀ ਰਾਬਤਾ ਕਾਇਮ ਕਰ ਲਿਆ ਜੋ ਅਦਨ, ਚੁਨਾਰ ਅਤੇ ਮੌਲਮੀਨ ਦੇ ਕਿਲਿਆਂ ਵਿੱਚ ਨਜ਼ਰਬੰਦ ਸਨ। ਇਹਨਾਂ ਸੂਬਿਆਂ ਦੇ ਖਤਾਂ ਦਾ ਵੀ ਸਿੰਘਾਂ ਰਾਹੀਂ ਗੁਰੂ ਰਾਮ ਸਿੰਘ ਨਾਲ ਆਦਾਨ ਪ੍ਰਦਾਨ ਹੋਣ ਲੱਗ ਪਿਆ। ਪਿੰਡ ਵਰਿਆਂਹ ਜ਼ਿਲ੍ਹਾ ਅੰਮ੍ਰਿਤਸਰ ਦਾ ਨੈਣਾ ਸਿੰਘ ਰੰਗੂਨ ਗਿਆ, ਸਤਿਗੁਰੂ ਰਾਮ ਸਿੰਘ ਦਾ ਹੁਕਮਨਾਮਾ ਲੈ ਕੇ ਆਇਆ। ਉਹ ਚਾਹੁੰਦਾ ਸੀ ਗੁਰੂ ਰਾਮ ਸਿੰਘ ਦਾ ਹੱਥ ਲਿਖਤ ਹੁਕਮਨਾਮਾ ਯਾਦ ਨਿਸ਼ਾਨੀ ਵਜੋਂ ਮੇਰੇ ਕੋਲ ਰਹੇ ਇਸ ਲਈ ਉਸਨੇ ਆਪਣੇ ਲਿਆਂਦੇ ਇਸ ਹੁਕਮਨਾਮੇਂ ਦੇ ਉਤਾਰੇ ਕਰਕੇ ਪੰਜਾਬ ਵਿੱਚ ਸੰਗਤ ਨੂੰ ਅਨੇਕਾਂ ਥਾਵਾਂ ਤੇ ਵੰਡ ਦਿੱਤੇ। ਹੁਕਮਨਾਮਿਆਂ ਦੀ ਗੁਪਤ ਰੂਪ ਵਿੱਚ ਚੱਲ ਰਹੀ ਵਾਰਤਾ ਅੰਗਰੇਜ਼ ਦੇ ਕੰਨੀ ਪੈ ਗਈ ਅੰਗਰੇਜ਼ ਨੇ ਨੈਣਾ ਸਿੰਘ ਦੀ ਪੁੱਛ ਪੜਤਾਲ ਕੀਤੀ ਅਤੇ ਹੁਕਮਨਾਮਾ ਜਬਤ ਕਰ ਲਿਆ। ਜਿਸ ਬਾਰੇ ਗੁਰੂ ਰਾਮ ਸਿੰਘ ਨੇ ਵੀ ਆਪਣੀਆਂ ਲਿਖਤਾਂ ਵਿੱਚ ਜਾਹਰ ਕੀਤਾ ਹੈ :-

"ਏਥੇ ਨੈਣਾ ਸਿੰਘ ਹੁਰੀ ਆਏ, ਉਹਨਾ ਨੂੰ ਇਕ ਹਰਿਦਾਸ ਦਿੱਤੀ, ਹਰਿਦਾਸ ਉਤੋ ਉਤਾਰਕੇ ਨੈਣਾ ਸਿੰਘ ਬਹੁਤ ਲੋਕਾ ਨੂੰ ਦਿੱਤੀ, ਲੋਕਾ ਮੇ ਡੰਡ ਪਾਏ ਦਿੱਤੀ। ਉਹ ਸਾਰੀ ਬਾਤ ਫਰੰਗੀਆ ਨੇ ਸੁਣ ਲਈ। ਫੇਰ ਅੰਮ੍ਰਿਤਸਰ ਵਾਲੇ ਗੋਰੇ ਨੇ ਲਾਟ ਨੂੰ ਲਿਖਿਆ, ਲਾਟ ਨੇ ਐਥੇ ਵਾਲਿਆ ਨੂੰ ਲਿਖਿਆ, ਤੁਸੀ ਕਿਆ ਖਬਰਦਾਰੀ ਰਖਦੇ ਹੋ, ਰਾਮ ਸਿੰਘ ਤੇ ? (ਹੁਕਮਨਾਮੇ ਪੰਨਾ - 153)

ਚਿੱਠੀ ਪੱਤਰਾਂ ਦੇ ਆਦਾਨ ਪ੍ਰਦਾਨ ਦਾ ਪ੍ਰਦਾਫਾਸ਼ ਹੋਣ ਕਰਕੇ ਗੋਰੀ ਸਰਕਾਰ ਨੇ ਪੰਜਾਬ ਵਿੱਚ ਨਾਮਧਾਰੀਆਂ ਤੇ ਸਖਤਾਈਆਂ ਹੋਰ ਵਧਾ ਦਿੱਤੀਆਂ। ਇਕ ਦਿਨ ਜੁਲਾਈ 1879 ਈ. ਵਿੱਚ ਇਕ ਸਰਗਰਮ ਨਾਮਧਾਰੀ ਨਰੈਣ ਸਿੰਘ ਰੋਡਿਆਂ ਵਾਲਾ ਆਪਣੇ ਪਿੰਡੋਂ ਭੈਣੀ ਸਾਹਿਬ ਜਾ ਰਿਹਾ ਸੀ। ਪੁਲਿਸ ਸੁਪਰਡੈਂਟ ਬਾਰਬਰਟਨ ਨੇ ਉਸਨੂੰ ਲੁਧਿਆਣੇ ਦੇ ਰਸਤੇ ਵਿੱਚ ਪਕੜ ਲਿਆ ਅਤੇ ਤਲਾਸ਼ੀ ਲਈ ਉਸ ਕੋਲੋਂ ਗੁਰੂ ਰਾਮ ਸਿੰਘ ਦੇ ਲਿਖੇ 28 ਹੁਕਮਨਾਮੇ ਨਿਕਲੇ ਜੋ ਸਰਕਾਰ ਨੇ ਜਬਤ ਕਰ ਲਏ। 28 ਲਿਖਤਾਂ ਦੇਖਕੇ ਅੰਗਰੇਜ਼ ਦੰਗ ਰਹਿ ਗਏ ਪਰ ਲਿਖਤਾਂ ਪਕੜੇ ਜਾਣ ਦੇ ਡਰੋਂ ਗੁਰੂ ਰਾਮ ਸਿੰਘ ਪਹਿਲਾਂ ਹੀ ਖਤਾਂ ਵਿੱਚ ਸੰਕੇਤਕ ਨਾਂਅ ਹੀ ਵਰਤਦੇ ਸਨ। ਗੁਰੂ ਰਾਮ ਆਪਣਾ ਨਾਮ ਦਿਆਲ ਸਿੰਘ, ਨਾਨੂੰ ਸਿੰਘ ਦਾ ਨਾਂਅ ਕ੍ਰਿਪਾਲ ਸਿੰਘ, ਭਾਈ ਬੁੱਧ ਸਿੰਘ ਦਾ ਨਾਮ-ਭਾਈ ਹਰੀ ਸਿੰਘ, ਅੰਗਰੇਜ਼ ਲਈ ਸ਼ਬਦ ਬਿੱਲਾ ਸਿੰਘ ਅਤੇ ਰੂਸ ਬਾਰੇ ਜਾਣਕਾਰੀ ਲਈ "ਸਰੂਪ ਸਿੰਘ" ਸ਼ਬਦ ਵਰਤਦੇ ਸਨ, ਪਰ ਅੰਗਰੇਜ਼ ਨੂੰ ਪਤਾ ਲੱਗ ਗਿਆ ਕਿ ਇਹ ਲਿਖਤਾਂ ਗੁਰੂ ਰਾਮ ਸਿੰਘ ਦੀਆਂ ਹੀ ਹਨ। ਬਰਤਾਨਵੀ ਹਕੂਮਤ ਡਰਦੀ ਸੀ ਕਿ ਚਿੱਠੀ ਪੱਤਰਾਂ ਰਾਹੀਂ ਕੂਕਾ ਅੰਦੋਲਨ ਸਾਡੇ ਖਿਲਾਫ਼ ਕੋਈ ਨਵਾਂ ਪੈਂਤੜਾ ਨਾ ਅਖਤਿਆਰ ਕਰ ਲਵੇ ਜਿਸ ਬਾਰੇ ਗੁਰੂ ਰਾਮ ਸਿੰਘ ਵੀ ਆਪਣੇ ਇਕ ਹੁਕਮਨਾਮੇ ਵਿੱਚ ਲਿਖਦੇ ਹਨ -

"ਏਨਾ ਨੂੰ ਮੇਰੇ ਸਰੀਰ ਦਾ ਵਡਾ ਡਰ ਹੈ। ਪਿੱਛੋ ਤਾ ਲਿਆਏ ਹੈ ਜੋ ਏਥੇ ਰਹਾ ਤਾ ਚੋਧੇ (1857 ਦਾ ਗਦਰ) ਬਰਗਾ ਕੰਮ ਕਰਾਇ ਦੇਊਗਾ । ਅਰੁ ਹੁਣ ਏਹ ਡਰ ਹੈ ਭਾਈ

ਚਿੱਠੀ ਭੇਜਕੇ ਪਿਛੇ ਸੂੜ ਕਰਾ ਦੇਊ । ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ ਏਨਾ ਨੂੰ।" (ਹੁਕਮਨਾਮਾ - 9ਵਾਂ)

ਨਰੈਣ ਸਿੰਘ ਤੋਂ ਹੁਕਮਨਾਮੇ ਜਬਤ ਕਰਕੇ ਸਰਕਾਰ ਨੇ ਰੰਗੂਨ ਬੰਗਲੇ ਤੇ ਹੋਰ ਸਖਤਾਈ ਕਰ ਦਿੱਤੀ ਅਤੇ ਬੰਗਲੇ ਤੇ ਇਹ ਲਿਖਕੇ ਲਾ ਦਿੱਤਾ ਜਿਸ ਬਾਰੇ ਗੁਰੂ ਰਾਮ ਸਿੰਘ ਆਪਣੇ ਇਕ ਹੁਕਮਨਾਮੇ ਵਿੱਚ ਲਿਖਦੇ ਹਨ -

"ਜੇਹੜਾ ਬਡਾ ਗੋਰਾ ਹੈ ਸਾਰੇ ਦੇਸਾ ਦੇ ਉਤੇ ਉਸਦਾ ਲਿਖਾ ਹੁਕਮ ਏਥੇ ਕੰਧ ਦੇ ਨਾਲ ਲਾਇਆ ਹੈ, ਜੇ ਕੋਈ ਆਦਮੀ ਏਸ ਦੇ ਨਾਲ ਬਾਤ ਕਰੇ ਤਾ ਉਸਨੂੰ ਪਕੜੋ, ਕੈਦ ਕਰੋ, ਅਰ ਜੇ ਕੁਝ ਬਾਹਰ ਤੇ ਸਿਟੇ ਉਸਨੂੰ ਕੈਦ ਕਰੋ, ਅਰ ਕੋਈ ਆਦਮੀ ਨਾ ਏਥੇ ਸੌਹੇ ਖੜਾ ਹੋਣ ਦਿਉ।" (ਹੁਕਮਨਾਮੇ ਪੰ.-170)

ਪਰ ਨਾਮਧਾਰੀ ਸਿੰਘਾਂ ਨੇ ਫਿਰ ਵੀ ਪ੍ਰਵਾਹ ਨਹੀਂ ਕੀਤੀ ਰੰਗੂਨ ਵੱਲ ਵਹੀਰਾਂ ਘੱਤੀ ਰੱਖੀਆਂ। ਰੰਗੂਨ ਨਾਮਧਾਰੀਆਂ ਲਈ ਮੱਕਾ ਬਣ ਗਿਆ। ਇਤਿਹਾਸਕ ਦਸਤਾਵੇਜਾਂ ਮੁਤਾਬਕ ਜੁਲਾਈ 1880 ਈ. ਵਿਚ ਇਕੋ ਸਮੇਂ 26 ਨਾਮਧਾਰੀ ਸਿੰਘ ਰੰਗੂਨ ਦੇ ਵੱਖ ਵੱਖ ਪੜਾਵਾਂ ਤੇ ਗੁਰੂ ਰਾਮ ਸਿੰਘ ਨੂੰ ਮਿਲਣ ਲਈ ਰੁਕੇ ਹੋਏ ਸਨ। 28 ਜੁਲਾਈ 1880 ਈ. ਨੂੰ ਲੋਂਢਘਰੀਏ ਫੂਲ ਵੰਸ਼ ਦਾ ਧੰਨਾ ਸਿੰਘ ਗੁੰਮਟੀ (ਬਠਿੰਡਾ) ਗੁਰੂ ਰਾਮ ਸਿੰਘ ਤੋਂ ਹੁਕਮਨਾਮੇ ਲੈਂਦਾ ਫੜਿਆ ਗਿਆ। ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਗੁਰੂ ਰਾਮ ਸਿੰਘ ਦੇ ਮੌਕੇ ਤੇ ਪ੍ਰਾਪਤ ਕੀਤੇ ਹੁਕਮਨਾਮੇਂ ਵੀ ਸਰਕਾਰ ਨੇ ਜਬਤ ਕਰ ਲਏ। (ਇਹ ਲਿਖਤਾਂ ਅੱਜ ਵੀ ਨਵੀਂ ਦਿਲੀ ਸਥਿਤ ਨੈਸ਼ਨਲ ਆਰਕਾਈਵਜ਼ ਦਫ਼ਤਰ ਵਿੱਚ ਸੁਰੱਖਿਅਤ ਪਈਆਂ ਹਨ।) ਧੰਨਾ ਸਿੰਘ ਗੁੰਮਟੀ ਦੇ ਪਕੜੇ ਜਾਣ ਤੋਂ ਬਾਅਦ ਸਰਕਾਰ ਨੇ ਗੁਰੂ ਰਾਮ ਸਿੰਘ ਨੂੰ ਰੰਗੂਨ ਵਾਲੇ ਇਸ ਬੰਗਲੇ ਤੋਂ 21 ਸਤੰਬਰ 1880 ਈ. ਨੂੰ ਇਕ ਸਮੁੰਦਰੀ ਟਾਪੂ ਮਰਗੋਈ ਵਿਖੇ ਤਬਦੀਲ ਕਰ ਦਿੱਤਾ ਜਿਸ ਬਾਰੇ ਗੁਰੂ ਰਾਮ ਸਿੰਘ ਨੇ ਇਕ ਹੁਕਮਨਾਮੇ ਰਾਹੀਂ ਪਹਿਲਾਂ ਹੀ ਖਦਸ਼ਾ ਜਾਹਰ ਕੀਤਾ ਸੀ :-

"ਇਥੇ ਸਾਡੇ ਪਾਸ ਇਕ ਬਡਾ ਗੋਰਾ ਆਇਆ ਅਰ ਬੋਲਾ- ਲਾਟ ਨੇ ਲਿਖਾ ਹੈ ਤੁਮਕੋ ਕਿਤੇ ਦੂਸਰੇ ਟਾਪੂ ਮੇ ਜਾਨਾ ਹੋਗਾ। ਅਕੇ ਤਾ ਜੇਲਖਾਨੇ ਮੈ ਜਾਨਾ ਹੋਊ। ਮੈਂ ਕਹਾ ਜਿਥੇ ਮਰਜੀ ਹੈ ਓਥੇ ਲੈ ਜਾਓ, ਤੁਸੀ ਆਪਣੇ ਬਚਣ ਦੀ ਬਾਤ ਕਰ ਲਓ।" (ਹੁਕਮਨਾਮੇ ਸਫਾ 154)

ਅਠਾਰਵੀਂ ਸਦੀ ਦੇ ਛੇਵੇਂ ਦਹਾਕੇ ਤੋਂ ਲੈ ਕੇ 1907 ਈ. ਤੱਕ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਲਈ ਭਾਰਤੀਆਂ ਵੱਲੋਂ ਰੂਸ ਦੀ ਮਦਦ ਲੈਣ ਦੀ ਚਰਚਾ ਆਮ ਰਹੀ। ਗੁਰੂ ਰਾਮ ਸਿੰਘ ਨੇ ਰੰਗੂਨ ਨਜ਼ਰਬੰਦੀ ਦੌਰਾਨ ਸਿੰਘਾਂ ਹੱਥੀਂ ਭੇਜੇ ਚਿੱਠੀ ਪੱਤਰਾਂ ਰਾਹੀਂ ਰੂਸ ਨਾਲ ਵੀ ਸੰਪਰਕ ਸਥਾਪਤ ਕਰ ਲਿਆ ਸੀ। ਪ੍ਰਸਿੱਧ ਆਜ਼ਾਦੀ ਘੁਲਾਟੀਆ ਪਿੰਡ ਚੱਕ ਪਿਰਾਣਾ, ਸਿਆਲਕੋਟ ਦਾ ਸੂਬਾ ਗੁਰਚਰਨ ਸਿੰਘ ਭੇਸ ਬਦਲਕੇ ਲੋਹ ਟੋਪ ਪਹਿਨਕੇ ਗੁਰੂ ਰਾਮ ਸਿੰਘ ਦਾ ਖਤ ਹੱਥੀਂ ਲੈ ਰੂਸ ਦਰਬਾਰ ਵਿੱਚ ਪੁਜ ਗਿਆ। ਰੂਸੀ ਤੁਰਕਸਤਾਨ ਗਵਰਨਰ ਜਨਰਲ ਕਾਰਡ ਕਮਿਆਨ ਅਤੇ ਜਨਰਲ ਕਾਫਮਾਨ ਨੇ ਇਹ ਖਤ ਦੋ ਭਾਸ਼ੀਏ ਕੋਲੋਂ ਪੜ੍ਹਾ ਕੇ ਸਮਝਿਆ ਅਤੇ ਰੂਸੀ ਭਾਸ਼ਾ ਵਿੱਚ ਗੁਰੂ ਰਾਮ ਸਿੰਘ ਨੂੰ ਖਤ ਲਿੱਖਿਆ। ਸੂਬਾ ਗੁਰਚਰਨ ਸਿੰਘ ਦੀ ਰੂਸ ਜਾਣ ਦੀ ਖਬਰ ਬਰਤਾਨਵੀਂ ਸਰਕਾਰ ਦੇ ਕੰਨੀ ਪੈ ਗਈ ਤੇ ਸੂਹੀਆਂ ਰਾਹੀਂ ਪੰਜਾਬ ਆਉਣ ਤੋਂ ਪਹਿਲਾਂ ਹੀ ਗੁਰਚਰਨ ਸਿੰਘ ਨੂੰ ਵੀ ਪਤਾ ਲੱਗ ਗਿਆ। ਉਸਨੇ ਤੀਖਣ ਬੁੱਧੀ ਨਾਲ ਗੁਪਤ ਰਸਤਿਆਂ ਰਾਹੀਂ ਪੰਜਾਬ ਪਰਤ ਕੇ ਇਹ ਖਤ ਸਿਰਹਾਲੀ, ਅੰਮ੍ਰਿਤਸਰ ਦੇ ਉਘੇ ਨਾਮਧਾਰੀ ਸ਼ਾਮ ਸਿੰਘ ਕੋਲ ਪਹੁੰਚਾ ਦਿੱਤਾ ਅਤੇ ਫਿਰ ਆਪਣੇ ਪਿੰਡ ਚੱਕ ਪਿਰਾਣਾ ਪਹੁੰਚਿਆ ਜਿਥੇ ਉਸਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਸ਼ਾਮ ਸਿੰਘ ਨੇ ਰੂਸ ਵਾਲਾ ਇਹ ਗੁਰੂ ਰਾਮ ਸਿੰਘ ਕੋਲ ਪਹੁੰਚਾਉਣ ਲਈ ਆਪਣੇ ਪੁੱਤਰ ਮੀਹਾਂ ਸਿੰਘ ਨੂੰ ਭੇਜਿਆ, ਮੀਹਾਂ ਸਿੰਘ ਹਾਂਗਕਾਂਗ ਪੁਲਿਸ ਵਿੱਚ ਸਿਪਾਹੀ ਸੀ । ਮੀਹਾਂ ਸਿੰਘ ਨੇ ਪੁਲਿਸ ਦੀ ਵਰਦੀ ਪਹਿਨੀ। ਪੁਲਿਸ ਸਖ਼ਤੀਆਂ ਦੇ ਡਰੋਂ ਰੂਸੀ ਖਤ ਨੂੰ ਮੂੰਹ ਦੇਖਣ ਵਾਲੇ ਸ਼ੀਸ਼ੇ ਦੇ ਫਰੇਮ ਵਿੱਚ ਲੁੱਕੋ ਕੇ ਫਿਟ ਕਰ ਲਿਆ ਅਤੇ ਸੰਤ ਸਿੰਘ ਨੂੰ ਨਾਲ ਲੈ ਕੇ ਰੰਗੂਨ ਗੁਰੂ ਰਾਮ ਸਿੰਘ ਦੇ ਬੰਗਲੇ ਕੋਲ ਜਾ ਪਹੁੰਚਿਆ। ਪਰ ਗੁਰੂ ਰਾਮ ਸਿੰਘ ਨੂੰ ਇਥੋਂ ਸਰਕਾਰ ਨੇ ਮਰਗੋਈ ਟਾਪੂ ਵਿਖੇ ਤਬਦੀਲ ਕਰ ਦਿੱਤਾ ਸੀ। ਮਰਗੋਈ ਟਾਪੂ ਤੇ ਕੇਵਲ ਸਮੁੰਦਰੀ ਰਸਤਿਆਂ ਰਾਹੀਂ 15 ਦਿਨਾਂ ਬਾਅਦ ਇਕ ਸਟੀਮਰ ਜਾਂਦਾ ਸੀ ਜਿਸ ਵਿੱਚ ਕਿਸੇ ਵੀ ਪੰਜਾਬੀ ਵਿਅਕਤੀ ਨੂੰ ਸਫਰ ਕਰਨ ਦੀ ਮਨਾਹੀ ਸੀ ਅਤੇ ਮਰਗੋਈ ਟਾਪੂ ਤੇ ਵੀ ਕਿਸੇ ਪੰਜਾਬੀ ਵਿਅਕਤੀ ਦੇ ਆਉਣ ਜਾਣ ਦੀ ਪਾਬੰਦੀ ਸੀ। ਬਰ੍ਹਮਾਂ ਵਿੱਚ ਮੌਲਮੀਨ ਦੇ ਸਿਪਾਹੀ ਹਰਨਾਮ ਸਿੰਘ ਨੇ ਮੀਹਾਂ ਸਿੰਘ ਦੀ ਮਦਦ ਕੀਤੀ ਅਤੇ ਦਾਅ ਪੇਚ ਦੱਸੇ। ਮੀਹਾਂ ਸਿੰਘ ਨੇ ਮਰਗੋਈ ਜਾ ਕੇ ਗੁਰੂ ਰਾਮ ਸਿੰਘ ਦਾ ਟਿਕਾਣਾ ਭਾਲ ਲਿਆ ਜਿਥੇ ਪੁਲਿਸ ਦਾ ਸਖਤ ਪਹਿਰਾ ਸੀ। ਜਾਨ ਦੀ ਪ੍ਰਵਾਹ ਕੀਤੇ ਬਿਨਾਂ ਮੌਕਾ ਵੇਖਕੇ ਮੀਹਾਂ ਸਿੰਘ ਸੋਟੀ ਦੇ ਸਹਾਰੇ ਨਾਲ ਚੀਤੇ ਵਰਗੀ ਉਚੀ ਛਾਲ ਮਾਰਕੇ ਜੰਗਲਾ ਟੱਪ ਕੇ ਗੁਰੂ ਰਾਮ ਸਿੰਘ ਅਤੇ ਨਾਨੂੰ ਸਿੰਘ ਨੂੰ ਜਾ




**ਗੁਰੂ ਰਾਮ ਸਿੰਘ ਨੂੰ ਮਰਗੋਈ ਜੇਲ੍ਹ ਵਿੱਚ ਰੂਸ ਦਾ ਗੁਪਤ ਸੰਦੇਸ਼ ਪਹੁੰਚਾਉਣ ਲਈ ਪਹਿਰੇ ਵਾਲਿਆਂ ਤੋਂ ਨਜ਼ਰ ਬਚਾ ਕੇ ਜੰਗਲਾ ਟੱਪਦੇ ਹੋਏ ਮੀਹਾਂ ਸਿੰਘ ਸਰਹਾਲੀ**

ਮਿਲਿਆ। ਰੂਸ ਦੀ ਸਾਰੀ ਵਾਰਤਾ ਸੁਣਾਈ। ਸਵੇਰ ਹੁੰਦਿਆਂ ਹੀ ਮੀਹਾਂ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਕਲਕੱਤੇ ਤੋਂ ਜਹਾਜ਼ ਰਾਹੀਂ ਵਾਪਸ ਪੰਜਾਬ ਭੇਜ ਦਿੱਤਾ ਗਿਆ। ਉਹ ਗੁਰੂ ਰਾਮ ਸਿੰਘ ਨਾਲ ਹੋਏ ਵਿਚਾਰਾਂ ਅਤੇ ਅਗਲੇਰੀਆਂ ਨੀਤੀਆਂ ਦਾ ਖਜ਼ਾਨਾ ਲੈ ਕੇ ਭੈਣੀ ਸਾਹਿਬ ਪਰਤਿਆ। ਭਾਰਤ ਰੂਸ ਸਬੰਧਾਂ ਵਿਚ ਕਾਬਲ ਦੇ ਵਸਨੀਕ ਸੂਬਾ ਬਿਸ਼ਨ ਸਿੰਘ ਦਾ ਵੀ ਵੱਡਾ ਯੋਗਦਾਨ ਸੀ। ਬਿਸ਼ਨ ਸਿੰਘ ਦਾ ਮੱਧ ਏਸ਼ੀਆ ਵਿੱਚ ਵੱਡਾ ਕਾਰੋਬਾਰੀ ਸੀ ਅਤੇ 3/4 ਸੌ ਸੈਨਿਕ ਉਸਦੇ ਅਧੀਨ ਸਨ। ਬਨਾਰਸੀ ਦਾਸ ਕੂਕੇ ਨੇ ਇੰਗਲੈਂਡ ਵਿੱਚ ਮਹਾਰਾਜਾ ਦਲੀਪ ਸਿੰਘ ਨਾਲ ਸੰਪਰਕ ਸਥਾਪਤ ਕੀਤਾ ਅਤੇ ਮਹਾਰਾਜ ਰੂਸ ਦੀਆਂ ਫੌਜਾਂ ਦੀ ਮਦਦ ਲੈ ਕੇ ਮੁੜ ਪੰਜਾਬ ਵਿੱਚ ਸਿੱਖ ਰਾਜ ਦੇ ਸੁਪਨੇ ਲੈਣ ਲੱਗਾ। ਨਾਮਧਾਰੀ ਸਿੰਘਾਂ ਨੇ ਖਤਾਂ ਰਾਹੀਂ ਗੁਰੂ ਰਾਮ ਸਿੰਘ ਦੇ ਖਤਾਂ ਅਤੇ ਗੁਰੂ ਹਰੀ ਸਿੰਘ ਦੀ ਅਗਵਾਈ ਵਿੱਚ ਦੇਸ਼ ਨੂੰ ਅੰਗਰੇਜ਼ ਦੇ ਪੰਜੇ 'ਚੋ ਮੁਕਤ ਕਰਾਉਣ ਲਈ ਦਿਨ ਰਾਤ ਇਕ ਕਰੀ ਰੱਖਿਆ।

19 ਵੀਂ ਸਦੀ ਦੇ ਦੂਸਰੇ ਅੱਧ ਤੱਕ ਭਾਰਤ ਵਿਚ ਕੂਕਾ ਅੰਦੋਲਨ ਹੀ ਸੀ ਜੋ ਸੰਗਿਠਤ ਰੂਪ ਵਿੱਚ ਬਰਤਾਨਵੀ ਸਾਮਰਾਜ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਲਈ ਸੰਘਰਸ਼ ਕਰ ਰਿਹਾ ਸੀ। ਰੰਗੂਨ ਅਤੇ ਮਰਗੋਈ ਨਜ਼ਰਬੰਦੀ ਦੌਰਾਨ ਗੁਰੂ ਰਾਮ ਸਿੰਘ ਨੇ ਸੈਂਕੜੇ ਹੁਕਮਨਾਮੇ ਲਿਖੇ ਜੀਵਨ ਦਾ ਹਰ ਪਲ ਦੇਸ਼ ਸੇਵਾ, ਦੇਸ਼ ਦੀ ਆਜ਼ਾਦੀ ਅਤੇ ਗੁਰਸਿੱਖੀ ਨੂੰ ਸਮਰਪਿਤ ਕੀਤਾ। ਹੁਕਮਨਾਮਿਆਂ ਰਾਹੀਂ ਹੀ ਜਿਥੇ ਰਾਜਨੀਤਿਕ ਤੌਰ ਤੇ ਕੂਕਾ ਅੰਦੋਲਨ ਦਾ ਸੰਘਰਸ਼ ਰੰਗੂਨ ਦੇ ਬੰਗਲੇ ਤੋਂ ਪੰਜਾਬ, ਕਾਬਲ, ਰੂਸ ਹੁੰਦਾ ਹੋਇਆ ਇੰਗਲੈਂਡ ਦੀ ਧਰਤੀ ਤੇ ਮਹਾਰਾਜਾ ਦਲੀਪ ਸਿੰਘ ਤੱਕ ਜਾ ਪਹੁੰਚਿਆ ਉਥੇ ਇਹਨਾਂ ਹੁਕਮਨਾਮਿਆਂ ਦਾ ਸਮਾਜਿਕ, ਧਾਰਮਿਕ, ਸਾਹਿਤਕ ਤੌਰ ਤੇ ਵੀ ਵੱਡਾ ਮਹੱਤਵ ਹੈ। ਹੁਕਮਨਾਮਿਆਂ ਵਿੱਚ ਆਜ਼ਾਦੀ ਪ੍ਰਾਪਤੀ ਦੀਆਂ ਯੋਜਨਾਵਾਂ ਤੋਂ ਇਲਾਵਾ ਗੁਰਸਿੱਖੀ ਜੀਵਨ ਜਾਂਚ, ਗੁਰਬਾਣੀ ਦਾ ਪਾਠ ਕਰਨ, ਗੁਰਬਾਣੀ ਕੰਠ ਕਰਨ, ਨਾਮ ਸਿਮਰਨ ਕਰਨ, ਮਰਦ ਇਸਤਰੀ ਬਰਾਬਰਤਾ ਲਈ ਲੜਕੀਆਂ ਮਾਰਨ, ਵੇਚਣ, ਵੱਟਾ ਕਰਨ ਦੀ ਮਨਾਹੀ, ਵਿਭਚਾਰੀ ਰੁਚੀ ਦੀ ਮਨਾਹੀ, ਪੰਜਾਬ ਦੇ ਕੋਨੇ ਕੋਨੇ ਵਿੱਚ ਵੱਸਦੇ ਸਿੰਘਾਂ ਦੇ ਦੁੱਖ ਸੁੱਖ, ਪੰਜਾਬ ਦੇ ਵਪਾਰ, ਖੇਤੀਬਾੜੀ ਬਾਰੇ ਚੰਗੇਰੇ ਭਵਿੱਖ ਲਈ ਯੋਜਨਾਵਾਂ ਹੁੰਦੀਆਂ। ਬੱਚਿਆਂ, ਬੀਬੀਆਂ, ਭਾਈਆਂ ਨੂੰ ਗੁਰਮੁੱਖੀ ਅੱਖਰ ਪੜ੍ਹਨ ਦੀ ਪ੍ਰੇਰਣਾ ਤੋਂ ਇਲਾਵਾ ਬਿਮਾਰੀਆਂ ਤੋਂ ਪ੍ਰੇਸ਼ਾਨ ਮਰੀਜ਼ਾਂ ਲਈ ਦਵਾਈਆਂ ਦੇ ਨੁਸਖੇ ਵੀ ਗੁਰੂ ਜੀ ਲਿਖਦੇ। ਸਾਹਿਤਕ ਤੌਰ ਤੇ ਪੜਚੋਲ ਕਰੀਏ ਤਾਂ ਇਹ ਹੁਕਮਨਾਮੇ ਮਾਂ ਬੋਲੀ ਦੀਆਂ ਪਹਿਲੀਆਂ ਉਹ ਲਿਖਤਾਂ ਹਨ ਜਦੋਂ ਪੰਜਾਬੀ ਵਾਰਤਕ ਬੋਲ ਚਾਲ ਦੇ ਜਮਾਨੇ ਵਿੱਚੋਂ ਨਿਕਲਕੇ ਲਿਖਤੀ ਯੁਗ ਵਿੱਚ ਪ੍ਰਵੇਸ਼ ਕਰਦੀ ਹੈ। ਹੁਕਮਨਾਮੇ ਸਾਡੇ ਇਤਿਹਾਸ ਦਾ ਬੇਸ਼ਕੀਮਤੀ ਸਰਮਾਇਆ ਅਤੇ ਅਮੁੱਲ ਦਸਤਾਵੇਜ਼ ਹਨ ਜਿੰਨ੍ਹਾਂ ਵਿੱਚੋਂ ਧਰਮ, ਸੱਭਿਆਚਾਰ, ਵਿਰਾਸਤ ਅਤੇ ਪੁਰਾਤਨਤਾ ਦੇ ਰੰਗਾਂ ਦੇ ਅਨੇਕਾਂ ਬਹੁਮੁੱਲੇ ਪਰਾਗੇ ਖੋਜੇ ਜਾ ਸਕਦੇ ਹਨ। ਇਹਨਾਂ ਹੁਕਮਨਾਮਿਆਂ ਨੂੰ ਪ੍ਰਾਪਤ ਕਰਨ ਤੋਂ ਰੋਕਣ ਲਈ ਬਰਤਾਨਵੀਂ ਹਕੂਮਤ ਨੇ ਨਾਮਧਾਰੀ ਸਿੰਘਾਂ ਨੂੰ ਕੈਦ ਵੀ ਕੀਤਾ, ਸਮੁੰਦਰਾਂ ਵਿੱਚ ਵੀ ਡੋਬ ਡੋਬ ਕੇ ਮਾਰਿਆ ਪਰ ਬਰਤਾਨਵੀ ਹਕੂਮਤ ਖਤਾਂ ਦੇ ਅਦਾਨ ਪ੍ਰਦਾਨ ਅਤੇ ਮੇਲ ਜੋਲ ਨੂੰ ਰੋਕਣ ਵਿੱਚ ਅਸਫਲ ਰਹੀ।

ਬੰਗਾਲ ਦੇ ਉਘੇ ਇਤਿਹਾਸਕਾਰ ਪੀ.ਸੀ. ਰਾਏ ਨੇ ਆਪਣੀਆਂ ਲਿਖਤਾਂ ਵਿੱਚ "ਇਸਨੂੰ ਇਕ ਹੈਰਾਨ ਕਰਨ ਵਾਲਾ ਅਧਿਆਇ ਆਖਿਆ ਹੈ।"

..............................................

# ਭਾਈ ਕਨ੍ਹਈਆ ਜੀ

**ਸਤਿਬੀਰ ਸਿੰਘ**

ਸਿੱਖੀ ਨੂੰ ਮਾਣ ਪ੍ਰਾਪਤ ਹੈ ਕਿ ਉਸ ਨੇ ਪਹਿਲਾਂ ਕੋਹੜੀ ਘਰ ਤਰਨ ਤਾਰਨ ਬਣਾ ਕੇ ਉਨ੍ਹਾਂ ਦੀ ਸਾਰ ਲਈ ਜਿਨ੍ਹਾਂ ਦੀ ਛੋਹ ਤੋਂ ਹੀ ਜਗਤ ਭੱਜਦਾ ਸੀ। ਫਿਰ ਗੁਰੂ ਹਰਿ ਰਾਇ ਸਾਹਿਬ ਨੇ ਪੰਛੀਆਂ-ਪਸ਼ੂਆਂ ਲਈ ਸ਼ਫ਼ਾਖ਼ਾਨਾ ਤੇ ਰੱਖ ਬਣਾ ਕੇ ਇਕ ਕਦਮ ਹੋਰ ਅੱਗੇ ਰੱਖ ਦਿੱਤਾ, ਪਰ ਸਿਖਰ ਉਸ ਸਮੇਂ ਛੋਹਿਆ ਗਿਆ ਜਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਕਨ੍ਹਈਆ ਜੀ ਦੀ ਜੰਗ ਵਿਚ ਸਮ-ਦ੍ਰਿਸ਼ਟੀ ਘਾਲ ਦੇਖ ਕੇ ਮਰਹਮ ਦੀ ਡੱਬੀ ਦੇ ਕੇ ਫ਼ਰਮਾਇਆ ਕਿ ਪਾਣੀ ਪਿਲਾਣ ਨਾਲ ਫੱਟਾਂ ਤੇ ਮਰਹਮ ਵੀ ਲਗਾ ਦਿਆ ਕਰੋ। ਦੁਨੀਆਂ ਦਾ ਇਹ ਹੀ ਅਖਾਣ ਸੀ ਕਿ ਜੰਗ ਤੇ ਇਸ਼ਕ ਵਿਚ ਹਰ ਕੁਝ ਜਾਇਜ਼ ਹੈ ਪਰ ਮਹਾਰਾਜ ਨੇ ਜੰਗ ਦੇ ਨਾ ਸਿਰਫ਼ ਨੇਮ ਬਣਾਏ ਤੇ ਪਾਲੇ ਸਗੋਂ ਇਕ ਐਸਾ 'ਰੈੱਡ ਕਰਾਸ" ਬਣਾਇਆ ਜਿਸ ਨੇ ਸਿੱਖੀ ਆਦਰਸ਼ਾਂ ਨੂੰ ਸਹੀ ਅਰਥਾਂ ਵਿਚ ਮੂਰਤੀਮਾਨ ਕੀਤਾ। ਭਾਈ ਕਨ੍ਹਈਆ ਨਿਰਕਪਟ ਤੇ ਨਿਰਛਲ ਸੇਵਾ ਦੇ ਪ੍ਰਤੀਕ ਹਨ।

ਜਿਵੇਂ ਅਸਾਂ ਅਵੇਸਲੇਪਣ ਵਿਚ ਹੋਰ ਮਹਾਨ ਵਿਅਕਤੀਆਂ ਨਾਲ ਕੀਤੀ ਹੈ, ਕੁਝ ਉਸੇ ਤਰ੍ਹਾਂ ਭਾਈ ਕਨ੍ਹਈਆ ਜੀ ਦਾ ਵੀ ਹਾਲ ਕੀਤਾ ਹੈ। ਭਾਵੇਂ ਭਾਈ ਕਨ੍ਹਈਆ ਜੀ ਬਾਰੇ ਲਿਖਤੀ ਰੂਪ ਵਿਚ ਬਹੁਤ ਕੁਝ ਪਿਆ ਹੋਇਆ ਹੈ, ਪਰ ਫਿਰ ਵੀ ਅਸੀਂ ਅਣਜਾਣਪੁਣੇ ਵਿਚ ਉਨ੍ਹਾਂ ਨੂੰ ਮਾਸ਼ਕੀ, ਭਿਸ਼ਤੀ ਕਹਿੰਦੇ ਨਹੀਂ ਥੱਕਦੇ। ਫਿਰ ਇਸ ਤੋਂ ਵੱਡਾ ਅਨਰਥ ਅਸੀਂ ਇਹ ਕਰਦੇ ਹਾਂ ਕਿ ਇਕ ਅੱਧੀ ਸਾਖੀ ਸੁਣਾ ਕੇ ਭਾਈ ਜੀ ਦੀ ਜੀਵਨੀ ਨੂੰ ਸੰਪੂਰਨ ਹੋਈ ਮਿੱਥ ਲੈਂਦੇ ਹਾਂ। ਉਸ ਕਰਮਸ਼ੀਲ, ਸੰਤ, ਪਰਉਪਕਾਰੀ, ਉਤਸ਼ਾਹ-ਉਮਾਹ ਵਾਲੇ ਬ੍ਰਹਮ- ਗਿਆਨੀ ਦੇ ਜੀਵਨ ਦੀਆਂ ਇਤਨੀਆਂ ਪਾਵਨ ਝਾਕੀਆਂ ਹਨ ਕਿ ਉਨ੍ਹਾਂ ਦੀ ਸ਼ਖਸੀਅਤ ਨਵਾਂ ਹੀ ਰੂਪ ਧਾਰ ਸਾਹਮਣੇ ਆਉਂਦੀ ਹੈ।

ਮਹਾਨ ਕੋਸ਼ ਦੇ ਵਿਦਵਾਨ ਲਿਖਾਰੀ ਅਨੁਸਾਰ ਭਾਈ ਸਾਹਿਬ ਦਾ ਜਨਮ ਪਿੰਡ ਸੋਧਰੇ (ਵਜ਼ੀਰਾਬਾਦ ਪਾਸ) ਖੱਤਰੀ ਘਰ ਵਿਚ ਹੋਇਆ। ਸੋਧਰਾ, ਦਰਿਆ ਚਨਾਬ ਕਿਨਾਰੇ ਵਜ਼ੀਰਾਬਾਦ ਤੋਂ ਪੰਜ ਮੀਲ ਦੀ ਵਾਟ ਤੇ ਹੈ। ਨਗਰ ਦੇ ਸੌ ਦਰਵਾਜ਼ੇ ਹੋਣ ਕਾਰਨ 'ਸੌਦਰਾ' ਕਹਿਲਾਇਆ ਤੇ ਫਿਰ ਇਹ ਹੀ ਸੋਹਧਰਾ ਤੇ ਸੋਧਰਾ ਬਣ ਗਿਆ। ਉਸ ਨਗਰ ਵਿਚ ਇਕ ਬਾਗ਼ ਨੌ ਲੱਖਾ ਸੀ। ਉਸ ਜ਼ਮਾਨੇ ਨੌਂ 'ਚ ਉਸ ਦੀ ਕੀਮਤ ਲੱਖ ਰੁਪਏ ਲੱਗੀ ਸੀ ਸੋ 'ਨੌ ਲੱਖਾ' ਹੋਆ। ਜਨਮ ਦੇ ਸਾਲ ਬਾਰੇ 'ਪਰਚੀਆਂ ਭਾਈ ਕਨ੍ਹਿਆ' ਦਾ ਲਿਖਾਰੀ ਕਹਿੰਦਾ ਹੈ ਕਿ ਉਹ 1647 ਈਂ ਸੀ ਉਨ੍ਹਾਂ ਦਾ ਅਕਾਲ-ਚਲਾਣਾ 71 ਸਾਲ ਦੀ ਉਮਰ ਵਿਚ ਹੋਇਆ।

ਆਪ ਜੀ ਦੇ ਪਿਤਾ ਜੀ ਇਕ ਵੱਡੇ ਸੁਦਾਗਰ ਸਨ ਤੇ ਸ਼ਾਹੀ ਫ਼ੌਜਾਂ ਨੂੰ ਰਸਦ ਪਾਣੀ ਪਹੁੰਚਾਣ ਦਾ ਕਾਰਜ ਕਰਦੇ ਸਨ। ਅਜੇ ਭਾਈ ਸਾਹਿਬ ਛੋਟੇ ਹੀ ਸਨ ਕਿ ਪਰਉਪਕਾਰ ਦਾ ਅੰਕੁਰ ਵਧ ਫੁੱਟ ਬਾਹਰ ਨਿਕਲਣ ਲੱਗਾ। ਆਪ ਜਦ ਘਰੋਂ ਬਾਹਰ ਜਾਂਦੇ ਆਪਣੀਆਂ ਜੇਬਾਂ ਨੂੰ ਕਉਡੀਆਂ, ਪੈਸਿਆਂ ਤੇ ਰੁਪਿਆਂ ਨਾਲ ਭਰ ਲੈਂਦੇ ਤੇ ਲੋੜਵੰਦਾਂ ਵਿਚਕਾਰ ਵੰਡ ਦਿੰਦੇ। ਉਨ੍ਹਾਂ ਦਾ ਬੇਗਾਰ ਫੜੇ ਲੋਕਾਂ ਨੂੰ ਬੇਗਾਰੀ ਕਰਦੇ, ਜ਼ੁਲਮ ਸਹਿੰਦੇ ਦੇਖ ਦਿਲ ਦੁਖਦਾ ਸੀ। ਜਦ ਜ਼ਰਾ ਕੁ ਵੱਡੇ ਹੋਏ ਤਾਂ ਵੱਡੀ ਸੜਕ ਕਿਨਾਰੇ ਜਾ ਕੇ ਆਪੂੰ ਬੇਗਾਰੀਆਂ ਦਾ ਭਾਰ ਉਠਾ ਲੈਂਦੇ ਤੇ ਕਈ-ਕਈ ਮੀਲ ਉਨ੍ਹਾਂ ਨੂੰ ਸਾਹ ਕਢਾਂਦੇ ਅਤੇ ਫਿਰ ਕੋਲੋਂ ਪੈਸੇ ਦੇ ਕੇ ਉਸ ਨੂੰ ਨੂੰ ਵਿਦਾ ਕਰਦੇ। ਪਿਤਾ ਜੀ ਨੇ ਕਈ ਵਾਰੀ ਸਖ਼ਤ ਗੁੱਸੇ ਹੋਣਾ ਤੇ ਮਾਤਾ ਜੀ ਨੇ ਸਮਝਾਉਣਾ, ਬੇਟਾ, ਇਸ ਤਰ੍ਹਾਂ ਕਰਨ ਨਾਲ ਸਾਡੇ ਘਰ ਦੀ ਬਦਨਾਮੀ ਹੁੰਦੀ ਹੈ, ਤੈਨੂੰ ਇਸ ਤਰ੍ਹਾਂ ਭਾਰ ਚੁੱਕ ਚੁੱਕ ਨਹੀਂ ਫਿਰਨਾ ਚਾਹੀਦਾ," ਤਾਂ ਆਪ ਜੀ ਨੇ ਬੜੇ ਠਰ੍ਹਮੇ ਨਾਲ ਕਹਿਣਾ, ਮਾਂ, ਘਰਾਂ ਵਿਚ ਆਖਰ ਬਾਉਲੇ ਪੁੱਤਰ ਵੀ ਹੁੰਦੇ ਹੀ ਹਨ, ਮੈਨੂੰ ਬਾਉਲਾ ਹੀ ਸਮਝ ਛੱਡ। " ਪਰ ਕੀ ਜਾਣੇ ਮਾਂ ਤੇ ਜਗਤ ਇਹ 'ਬਾਉਲਾਪਣ' ਹੀ ਤਾਂ ਮਹਾਂਪੁਰਸ਼ਾਂ ਦਾ ਵੱਡਾ ਲੱਛਣ ਹੈ। ਦੁਨੀਆਂ ਨੇ ਤਾਂ ਸ੍ਰਿਸ਼ਟੀ ਦੇ ਮਾਲਕ ਗੁਰੂ ਨਾਨਕ ਨੂੰ ਵੀ "ਭੂਤਨਾ, ਬੇਤਾਲਾ, ਦੀਵਾਨਾ" ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ। ਭਾਈ ਕਨ੍ਹਿਆ ਜੀ ਪਰਮੇਸ਼ਰ-ਪਿਆਰ ਵਿਚ ਹੀ ਦੀਵਾਨੇ ਸਨ।

ਦਿਲ ਵਿਚ ਵੇਦਨਾ ਉੱਠੀ। ਕਰਕ ਕਲੇਜੇ ਹੋਣ ਲੱਗੀ। ਕਿਸੇ ਦੱਸ ਪਾਈ ਲਾਹੌਰ ਜਾਓ। ਲਾਹੌਰ ਪੁੱਜੇ ਹੀ ਸਨ ਕਿ ਪੂਜ ਪਿਤਾ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਪੁੱਜ ਗਈ। ਬਾਕੀ ਭਰਾ ਛੋਟੇ ਸਨ ਤੇ ਵੱਡੇ ਹੋਣ ਦੇ ਨਾਤੇ ਜ਼ਿੰਮੇਵਾਰੀ ਆਪ ਜੀ ਦੇ ਸਿਰ ਆਉਂਦੀ ਸੀ। ਆਪ ਜੀ ਨੇ ਪਿਤਾ ਜੀ ਦੇ ਕੰਮ ਨੂੰ ਸੰਭਾਲ ਲਿਆ ਤੇ ਸ਼ਾਹੀ ਫ਼ੌਜਾਂ ਨੂੰ

ਰਸਦ-ਪਾਣੀ ਪੁਜਾਣ ਦੇ ਕੰਮ ਉੱਤੇ ਜੁਟੇ ਰਹੇ। ਉਸ ਸਮੇਂ ਰਾਜ ਔਰੰਗਜ਼ੇਬ ਦਾ ਹੋ ਚੁੱਕਾ ਸੀ ਤੇ ਗੁਰੂ ਤਖ਼ਤ ਉੱਤੇ ਗੁਰੂ ਤੇਗ਼ ਬਹਾਦਰ ਜੀ ਬਿਰਾਜਮਾਨ ਸਨ। ਔਰੰਗਜ਼ੇਬ ਦੇ ਕਾਫਲੇ ਵਿਚ ਗੁਰੂ ਤੇਗ਼ ਬਹਾਦਰ ਜੀ ਦੇ ਇਕ ਸਿੱਖ ਭਾਈ ਨਨੂਆਂ ਕੋਲੋਂ ਨਾਵੇਂ ਮਹਲੇ ਦੇ ਸਲੋਕ ਸੁਣੇ।ਐਸੀ ਖਿੱਚ ਪਈ ਕਿ ਪ੍ਰੇਮ ਵਿਚ ਹੀ ਲੀਨ ਹੋ ਗਏ। ਵੈਰਾਗ ਦੀ ਅਵਸਥਾ ਉਪਜ ਪਈ। ਰੁਦਨ ਕਰਨ ਲੱਗੇ। ਮਾਇਆ ਦੀ ਖਿੱਚ ਮੁੱਕ ਗਈ ਤੇ ਜਗਤ-ਸੁਖਾਂ ਦੇ ਕਾਰਨ ਭੁਲਾ ਕੇ ਜੰਗਲਾਂ ਨੂੰ ਨਿਕਲ ਗਏ ਪਰ ਮੁੱਖ ਤੋਂ ਇਹ ਹੀ ਬਚਨ ਨਿਕਲਣ "ਕੋਈ ਜਨ ਹਰਿ ਸਿਉ ਦੇਵੈ ਜੋਰ।" ਕਾਫ਼ਲੇ ਦੇ ਸਰਬਰਾਹ ਤੇ ਸੂਬੇਦਾਰ ਨੇ, ਜੋ ਮੁਹਿੰਮ ਉੱਤੇ ਚੜ੍ਹਿਆ ਸੀ, ਭਾਈ ਜੀ ਦੀ ਬਹੁਤ ਹੀ ਢੂੰਡ ਭਾਲ ਕੀਤੀ ਤੇ ਕਰਵਾਈ। ਕਿਸੇ ਸੂਬੇਦਾਰ ਨੂੰ ਪੁੱਛ ਹੀ ਲਿਆ ਕਿ ਭਾਈ ਜੀ ਦੀ ਇਤਨੀ ਢੂੰਡ-ਭਾਲ ਕਿਉਂ ਕਰਵਾ ਰਹੇ ਹੋ ਤਾਂ ਸੂਬੇਦਾਰ ਨੇ ਕਿਹਾ ਕਿ ਉਸ ਦਾ ਦੀਦਾਰ ਕਰਨਾ ਚਾਹੁੰਦਾ ਹਾਂ, ਜਿਸ ਨੇ ਮਾਇਆ ਜੈਸੀ ਸਰਪਨੀ ਤੋਂ ਆਪਣੇ ਆਪ ਨੂੰ ਛੁਡਾਇਆ ਹੈ। ਫਿਰ ਵਿਸ਼ੇ ਭੋਗਾਂ ਉੱਤੇ ਮਨ ਨੂੰ ਕਾਬੂ ਕੀਤਾ ਹੈ। ਉਸ ਨੂੰ ਅੱਲਾਹ ਨੇ ਕੋਈ ਵੱਡੀ ਸੂਰਮਗਤੀ ਬਖ਼ਸ਼ੀ ਹੈ।

ਭਾਈ ਜੀ ਜੰਗਲ-ਜੰਗਲ ਫਿਰ ਰਹੇ ਸਨ। ਪਿੰਡਾਂ ਤੋਂ ਦੂਰ, ਲੋਕਾਂ ਤੋਂ ਪਰ੍ਹੇ। ਕਈ ਦਿਨਾਂ ਦੇ ਭੁੱਖੇ ਨੂੰ ਇਕ ਸਮੇਂ ਇਕ ਜੰਵ ਨੇ ਆਪਣੇ ਨਾਲ ਪ੍ਰਸ਼ਾਦ ਛਕਾਇਆ ਤੇ ਉਨ੍ਹਾਂ ਨੂੰ ਪ੍ਰਸ਼ਾਦ ਛਕਦਾ ਦੇਖ ਕੇ ਕੁਝ ਕੁਹਝੇ ਬਚਨ ਵੀ ਬੋਲੇ ਤਾਂ ਆਪ ਨੇ ਬੜੇ ਪਿਆਰ ਨਾਲ ਆਪਣੀ ਅਵਸਥਾ ਦੱਸੀ। ਫਿਰਦੇ, ਭਟਕਦੇ ਨੂੰ ਇਕ ਸਿੱਖ ਮਿਲਿਆ ਤਾਂ ਉਸ ਕੋਲੋਂ 'ਗੋਬਿੰਦ ਪਾਉਣ ਦੀ ਵਿਧੀ' ਪੁਛੀ।ਉਸ ਮਹਾਂ ਪੁਰਸ਼ ਨੇ ਕਿਹਾ ਕਿ "ਉਸ ਕੋਲ ਕੋਈ ਨੁਸਖਾ ਨਹੀਂ ਹੈ ਜੋ ਪਰਮਾਤਮਾ ਮਿਲਾ ਦੇਵੇ ਪਰ ਇਕ ਸਮਝ ਦੱਸਦਾ ਹਾਂ ਗੋਬਿੰਦ ਪਾਵਨੇ ਕੀ। ਗੋਬਿੰਦ ਸਿਉ ਮੇਲ ਲੋਕਾਂ ਕੋ ਮਿਲ ਕਰ ਹੋਵੇਗਾ। ਗੋਬਿੰਦ ਲੋਕ ਨਗਰ ਅਰ ਮਨੁੱਖੋਂ ਮੇ ਹੋਤੇ ਹੈਂ, ਤੁਸੀਂ ਲੋਕਾਂ ਵਿਚ ਤਾਂ ਜਾਂਦੇ ਨਹੀਂ। ਸੋਨਾ ਰਾਖ ਵਿਚ ਪਿਆ ਹੈ, ਰਾਖ ਸੁਟਣ ਨਾਲ ਸੋਨਾ ਵੀ ਖੁਸ (ਗਵਾਚ) ਜਾਂਦਾ ਹੈ।" ਉਸ ਉਪਰੰਤ ਜੰਗਲ ਛੱਡ ਨਗਰਾਂ ਵਿਚ ਜਾਣ ਲੱਗੇ। ਰਾਤ ਨੂੰ ਟਿਕਾਣਾ ਧਰਮਸ਼ਾਲਾ ਕਰਦੇ। ਧਰਮਸਾਲਾ ਵਿਖੇ ਧਰਮਸ਼ਾਲੀਆਂ ਵਿਚ ਕੁਤੱਤਨ ਦੇਖੀ ਪਰ ਉਹ ਤਾਂ ਸੋਨੇ ਦੀ ਭਾਲ ਵਿਚ ਨਿਕਲੇ ਹੋਏ ਸਨ। ਇਕ ਟਹਿਲੂਏ ਨੇ ਪਾਣੀ ਮੰਗਣ ਤੇ ਉਨ੍ਹਾਂ ਨੂੰ ਕੌੜੇ ਬਚਨ ਬੋਲੇ ਪਰ ਭਾਈ ਸਾਹਿਬ ਜੀ ਪਾਣੀ ਮੰਗਦੇ ਹੀ ਰਹੇ। ਉਸ ਟਹਿਲੂਏ ਦੀ ਮਾਤਾ ਨੇ ਪਾਣੀ ਪਿਲਾਇਆ। ਕਿਸੇ ਉਨ੍ਹਾਂ ਨੂੰ ਇਤਨੀ ਨਿਰਾਦਰੀ ਪਿੱਛੋਂ ਪਾਣੀ ਪੀਂਦਾ ਦੇਖ ਪੁਛ ਹੀ ਲਿਆ ਕਿ ਪਾਣੀ ਦੀ ਕੀ ਗੱਲ ਸੀ, ਕਿਧਰੋਂ ਹੋਰ ਪੀ ਲੈਂਦੇ, ਇਤਨੀ ਨਿਰਾਦਰੀ ਕਿਉਂ ਝੱਲੀ।" ਆਪ ਜੀ ਨੇ ਮੁਸਕਰਾ ਕੇ ਫ਼ਰਮਾਇਆ ਪਾਣੀ ਦੀ ਸੱਚਮੁੱਚ ਕੋਈ ਗੱਲ ਨਹੀਂ ਸੀ, ਇਥੋਂ ਬਗੈਰ ਪੀਤੇ ਚਲੇ ਜਾਂਦੇ ਤਾਂ ਤਪਦੇ ਹੋਏ ਹਿਰਦੇ ਨਾਲ ਜਾਣਾ ਸੀ ਤੇ ਇਸ ਸੇਵਾਦਾਰ ਉੱਤੇ ਦੋਸ਼ ਆਉਣਾ ਸੀ। ਇਹ ਸੰਭਵ ਸੀ ਕਿਤਪਦੇ ਮਨ ਵਿਚੋਂ ਕੁਝ ਕੌੜੇ ਬਚਨ ਵੀ ਨਿਕਲ ਜਾਂਦੇ। ਹੁਣ ਪਾਣੀ ਪੀਤਾ ਹੈ ਤੇ ਇਸ ਦੇ ਘਰ ਨੂੰ ਦੁਆਈਂ ਦਿੱਤੀਆਂ ਹਨ। ਮਨ ਦਾ ਧਿਆਨ ਪਾਣੀ ਵੱਲ ਨਹੀਂ ਰਿਹਾ ਤੇ ਇਸ ਵਲੋਂ ਵੀ ਧਿਆਨ ਟੁੱਟ ਗਿਆ ਹੈ। ਕਾਫ਼ੀ ਸਮਾਂ ਇਸ ਤਰ੍ਹਾਂ ਹੀ ਵਿਚਰਦੇ ਰਹੇ।

ਫਿਰਦੇ ਫਿਰਾਂਦਿਆਂ ਨੂੰ ਇਕ ਗੁਰਸਿੱਖ ਨਾਲ ਮੇਲ ਹੋਇਆ ਤੇ ਉਸ ਨੂੰ ਸਾਰੀ ਮਨ ਦੀ ਦਸ਼ਾ ਦੱਸੀ ਤੇ ਗ੍ਰਹਿਸਤ ਤਿਆਗਣ ਦਾ ਹਾਲ ਦੱਸਿਆ। ਉਸ ਗੁਰਸਿੱਖ ਨੇ ਕਿਹਾ ਕਿ ਤੁਸਾਂ ਗ੍ਰਹਿਸਤ ਤਿਆਗ ਕੇ ਅਤੀਤ ਦਾ ਭੇਖ ਜ਼ਰੂਰ ਲਿਆ ਹੈ ਪਰ ਸੱਚੀ ਬੁੱਧ ਦਾ ਵੀਚਾਰ ਨਹੀਂ ਕੀਤਾ।ਸੱਚੀ ਵੀਚਾਰ ਤੋਂ ਬਗੈਰ ਮਰਨ ਤੋਂ ਛੁਟਕਾਰਾ ਨਹੀਂ ਮਿਲਦਾ। ਅਸਲ ਫ਼ਕੀਰ ਉਹੀ ਹੈ ਜੋ ਭੋਜਨ ਦੀ ਪ੍ਰਬਲਤਾ ਨਾਲ ਮਾਇਆ ਦੀ ਲਾਲਸਾ ਤਿਆਗਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤਿਆਗਦਾ ਹੈ। ਅੰਤਰ ਦਾ ਪਰਚਾ ਨਾਮ ਸਿਉ ਕਰਦਾ ਹੈ। ਚਿਤਵਨੀਆਂ ਹੀ ਤਿਆਗ ਦਿੰਦਾ ਹੈ। ਐਸੇ ਫ਼ਕੀਰ ਨਾਲ ਲੱਗ ਕੇ ਪੂਜਣ ਵਾਲੇ ਵੀ ਮੁਕਤ ਹੋ ਜਾਂਦੇ ਹਨ ਪਰ ਜੋ ਫ਼ਕੀਰ ਦਾ ਭੇਖ ਪਹਿਣ ਕੇ ਮਨ ਦਾ ਕਿਹਾ ਕਰਦਾ ਹੈ, ਚੋਰ ਉਚੱਕਾ ਹੈ, ਫ਼ਕੀਰ ਹੋ ਕੇ ਮਾਇਆਧਾਰੀ ਢੂੰਡਦਾ ਹੈ, ਉਹ ਬਾਜ਼ਾਰੀਆ ਹੈ। ਭਾਈ ਸਾਹਿਬ ਨੇ ਪੁੱਛਿਆ ਕਿ ਅਬਿਨਾਸ਼ੀ ਖੇਮ ਕਿਥੋਂ ਮਿਲੇ ਤਾਂ ਸਿੱਖ ਨੇ ਕਿਹਾ ਕਿ ਅਸਲ ਪ੍ਰਸੰਨਤਾ ਦਾਨ ਲੈਣ ਵਿਚ ਨਹੀਂ ਦੇਣ ਵਿਚ ਹੈ। ਪ੍ਰਮੇਸ਼ਰ ਨੇ ਆਪ ਜੀ ਵਿਚ ਵੈਰਾਗ ਦਾ ਬੀਜ ਪਾਇਆ ਹੈ, ਇਸ ਨੂੰ ਸੇਵਾ ਦਾ ਜਲ ਦਿਓ।' ਪਰ ਭਾਈ ਸਾਹਿਬ ਨੇ ਫਿਰ ਪੁੱਛਿਆ ਕਿ ਐਸਾ ਕੋਈ ਫ਼ਕੀਰ ਹੈ ਜੋ ਬੀਜ ਨੂੰ ਪ੍ਰਸੰਨਤਾ ਦਾ ਫਲ ਲਗਾ ਦੇਵੇ ਤਾਂ ਸਿੱਖ ਨੇ ਬੜੇ ਹੀ ਭਾਵ ਪੂਰਤ ਸ਼ਬਦਾਂ ਵਿਚ ਕਿਹਾ ਕਿ 'ਸਭ ਥਾਵਾਂ ਇਕ ਸਮਾਨ ਹਨ। ਸੁਖ ਦੁਖ ਰਿਦੈ ਕੀ ਬੂਝਿ ਮਹਿ ਹੈ।ਜਬ ਐਸੀ ਬੁਧ ਹੋਵੇਗੀ ਤਬ ਸੁਖ ਹੋਵੇਗਾ।ਕਾਇਆ ਨਗਰੀ ਮਹਿ ਬਿਬੇਕ ਕੀ ਦੁਹਾਈ ਫੇਰੇ। ਘਟ-ਘਟ ਮਹਿ ਰਮਤਾ ਰਾਮ ਹੈ ਪਰ ਫਿਰ ਵੀ ਫ਼ਕੀਰ ਦੇਖਣਾ ਹੈ ਤਾਂ ਅਨੰਦਪੁਰ ਨੂੰ ਜਾਵੋ।

ਭਾਈ ਜੀ ਸੰਗਤ ਨਾਲ ਸ੍ਰੀ ਅਨੰਦਪੁਰ ਸਾਹਿਬ

ਆਏ। ਆਪ ਜੀ ਨੂੰ ਆਉਂਦਿਆਂ ਹੀ ਪਾਣੀ ਦਾ ਘੜਾ ਭਰ ਲਿਆਉਣ ਲਈ ਗੁਰੂ ਤੇਗ਼ ਬਹਾਦਰ ਜੀ ਨੇ ਹੁਕਮ ਕੀਤਾ। ਆਪ ਜੀ ਨੇ ਜਦ ਪਾਣੀ ਲਿਆਂਦਾ ਤਾਂ ਗੁਰੂ ਸਾਹਿਬ ਨੇ ਹੱਥ ਧੋ ਕੇ ਡੋਲ੍ਹ ਦਿੱਤਾ ਅਤੇ ਹੋਰ ਪਾਣੀ ਦਾ ਘੜਾ ਲਿਆਉਣ ਲਈ ਕਿਹਾ। ਗੁਰੂ ਤੇਗ਼ ਬਹਾਦਰ ਜੀ ਉਸ ਦੇ ਚਿਹਰੇ ਵੱਲ ਦੇਖਦੇ ਰਹੇ। ਉਨ੍ਹਾਂ ਫਿਰ ਪਾਣੀ ਲਿਆਂਦਾ, ਮਹਾਰਾਜ ਨੇ ਪੈਰ ਧੋ ਕੇ ਬਾਕੀ ਦਾ ਡੋਲ੍ਹ ਦਿੱਤਾ। ਇਸ ਤਰ੍ਹਾਂ ਤਿੰਨ ਮਹੀਨੇ ਹੁੰਦਾ ਰਿਹਾ। ਗੁਰੂ ਮਾਲਕ ਦੇਖ ਰਹੇ ਸਨ ਕਿ ਜੇ ਅੱਜ ਗੁਰੂ ਦਾ ਪਾਣੀ ਡੋਲ੍ਹਣਾ ਇਸ ਨੂੰ ਚੁੱਭਿਆ ਤਾਂ ਆਉਣ ਵਾਲੇ ਸਮੇਂ ਇਹ ਸਭ ਨੂੰ ਇਕ ਜਾਣ ਕੇ ਪਾਣੀ ਕਿਵੇਂ ਪਿਲਾਏਗਾ ਪਰ ਭਾਈ ਕਨ੍ਹਈਆ ਜੀ ਤਾਂ ਅਨੰਤ ਨੂੰ ਲੱਭਣ ਲਈ ਆਏ ਸਨ। ਉਨ੍ਹਾਂ ਇਹ ਬਿਖੜੀ ਕਾਰ ਨਿਬਾਹੀ। ਨਾ ਗੁਰੂ ਦੀ ਕਰਨੀ 'ਤੇ ਕੋਈ ਗਿਲਾ ਕੀਤਾ, ਨਾ ਕਿੰਤੂ ਤੇ ਨਾਹੀ ਚਿੰਤਾ। ਗੁਰੂ ਤੇਗ਼ ਬਹਾਦਰ ਜੀ ਨੇ ਨਜ਼ਰ ਭਰ ਕੇ ਭਾਈ ਕਨ੍ਹਈਆ ਵੱਲ ਦੇਖਿਆ ਤਾਂ ਸਾਖੀਕਾਰ ਲਿਖਦਾ ਹੈ ਕਿ ਉਸ ਸਮੇਂ ਦੇਹੀ ਸ਼ਾਂਤ ਚਿਤ ਹੋ ਗਈ। ਸਰੀਰ ਮਹਿ ਅਸਰੀਰ ਭਾਸ ਆਇਆ।" ਆਪ ਜੀ ਨੇ ਕੁਝ ਚਿਰ ਹੋਰ ਜਦ ਸੰਗਤਾਂ ਤੇ ਗੁਰੂ ਸਾਹਿਬ ਦੇ ਘੋੜਿਆਂ ਦੀ ਸੇਵਾ ਕੀਤੀ ਤਾਂ ਬਖ਼ਸ਼ਿਸ਼ਾਂ ਕਰਦੇ ਨੌਵੇਂ ਪਾਤਸ਼ਾਹ ਨੇ ਫ਼ਰਮਾਇਆ : "ਇਹ ਦਾਤ ਭਰੋਸਗੀ ਦੀ ਤੁਹਾਨੂੰ ਮਿਲੀ ਹੈ, ਹੋਰਨਾਂ ਨੂੰ ਵੀ ਵੰਡੋ।" ਪਰ ਭਾਈ ਸਾਹਿਬ ਕਹਿਣ ਲੱਗੇ ਕਿ ਕ੍ਰਿਪਾ ਕਰਕੇ ਆਪਣੇ ਚਰਨਾਂ ਪਾਸ ਰੱਖੋ ਤਾਂ ਫਿਰ ਗੁਰੂ ਜੀ ਨੇ ਸਮਝਾਇਆ : "ਗੁਰੂ ਵਸਤੂ ਬਿਬੇਕ ਹੈ। ਬਿਬੇਕ ਸਹਿਤ ਜੋ ਕਰਮ ਕਰਨੇ ਹਨ, ਇਹ ਹੀ ਚਰਨਾਂ ਪਾਸ ਰਹਿਣਾ ਹੈ, ਕਿਸੇ ਜੀਵ ਦਾ ਹਿਰਦਾ ਪ੍ਰਸੰਨ ਕਰਨਾ, ਕਿਸੇ ਨੂੰ ਗੁਰਮਤਿ ਦੀ ਘਾਸੀ (ਛਾਪ) ਪਾਉਣੀ, ਇਹ ਹੀ ਗੁਰ ਸੇਵਾ ਹੈ।" ਇਹ ਬਚਨ ਸੁਣ ਕੇ ਆਪ ਜੀ ਅਟਕ ਦੇ ਲਾਗੇ ਚਲੇ ਗਏ।

ਅਟਕ ਤੋਂ ਕੋਈ ਵੀਹ ਕੋਹ ਉਰਾਂ ਕਵੇ ਪਿੰਡ ਧਰਮਸਾਲ ਰਚ ਕੇ ਸੇਵਾ ਤੇ ਪ੍ਰਚਾਰ ਦਾ ਪ੍ਰਵਾਹ ਚਲਾਇਆ।ਜਲ ਦੀ ਇਲਾਕੇ ਵਿਚ ਥੁੜ੍ਹ ਸੀ, ਥਾਂ-ਥਾਂ ਖੂਹ ਪੁਟਵਾ ਕੇ ਛਬੀਲਾਂ ਲੁਆਈਆਂ। ਰਾਹ ਬਿਖੜੇ ਸਨ, ਇਸ ਲਈ ਰਾਹੀਆਂ ਲਈ ਰੈਣ ਬਸੇਰੇ ਬਣਾਏ। ਧਰਮਸਾਲ ਦੀ ਐਸੀ ਸੋਭਾ ਸੀ ਕਿ ਉਥੇ ਸਭ ਵਰਣਾਂ, ਧਰਮਾਂ ਦੇ ਲੋਕੀਂ ਆ ਕੇ ਟਿਕਦੇ ਸਨ। ਗੁਰਬਾਣੀ ਵੀਚਾਰ ਹੁੰਦੀ ਰਹਿੰਦੀ ਸੀ। ਧਰਮਸਾਲ ਵਿਚ ਕੋਈ ਵੀ ਵਿਅਰਥ ਵਾਰਤਾਲਾਪ ਨਹੀਂ ਹੁੰਦਾ ਸੀ। ਹਰ ਕੋਈ ਪ੍ਰੀਤ ਸਹਿਤ ਵਿਹਾਰ ਕਰਦਾ ਸੀ। ਕੀਰਤਨ ਲਈ ਰਬਾਬੀਆਂ ਉਚੇਚਾ ਬੁਲਾਇਆ ਗਿਆ ਸੀ। ਹਰ ਆਏ ਜੀਅ ਨੂੰ ਸਕੇ ਸੰਬੰਧੀਆਂ ਤੋਂ ਵੱਧ ਆਦਰ ਮਿਲਦਾ ਸੀ। ਭਾਈ ਜੀ ਦਾ ਮੁਖ ਉਪਦੇਸ਼ ਸੀ, "ਸਾਡਾ ਪੰਥ ਏਕਤਾ ਦਾ ਹੈ। ਸਭ ਜੀ ਸਾਡੇ ਹਨ। ਜਲ ਭਰਨ ਵਾਲਾ ਤੇ ਪੀਣ ਵਾਲਾ ਇਕ ਹੈ।" ਉਥੋਂ ਹਰ ਸਾਲ ਅਨੰਦਪੁਰ ਆਉਂਦੇ।

11 ਨਵੰਬਰ, 1675 ਨੂੰ ਸ਼ਾਹੀ ਫ਼ਰਮਾਨ ਦੁਆਰਾ ਗੁਰੂ ਤੇਗ਼ ਬਹਾਦਰ ਜੀ ਸ਼ਹੀਦ ਹੋ ਗਏ। ਆਪ ਜੀ ਨੇ ਜਦ ਗੁਰੂ ਜੀ ਦੀ ਸ਼ਹਾਦਤ ਦਾ ਸੁਣਿਆ ਤਾਂ ਕਈ ਦਿਨ ਚੁੱਪ ਰਹੇ। ਉਥੋਂ ਅਨੰਦਪੁਰ ਆਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਪੁੱਜਿਆ ਕਿ ਜੋ ਵੀ ਸਾਡਾ ਸਿੱਖ ਹੈ, ਸ਼ਸਤਰ ਪਹਿਨੇ ਪਰ ਆਪ ਜੀ ਪਾਣੀ ਦੀਆਂ ਮਸ਼ਕਾਂ ਭਰ-ਭਰ ਲਿਆਉਂਦੇ ਤੇ ਪਿਆਸਿਆਂ ਦੀ ਪਿਆਸ ਬੁਝਾਂਦੇ। ਆਪ ਜੀ ਨੂੰ ਸ਼ਸਤਰ ਨਾ ਪਾਏ ਦੇਖ ਕੇ ਇਕ ਸਿੱਖ ਨੇ ਕਿਹਾ ਕਿ ਗੁਰੂ ਦੀ ਖ਼ੁਸ਼ੀ ਲੈਣੀ ਜੇ ਤਾਂ ਸ਼ਸਤਰ ਜ਼ਰੂਰ ਪਾਵੋ। ਆਪ ਜੀ ਨੇ ਕ੍ਰਿਪਾਨ ਪਹਿਨ ਲਈ। ਇਕ ਸਿੱਖ ਨੇ ਪੁਛਿਆ, ਭਾਈ ਜੀ ਤੁਸਾਂ ਕ੍ਰਿਪਾਨ ਕਿਸ ਲਈ ਪਹਿਣੀ ਹੈ ਤਾਂ ਨਿਰਛਲ ਜੀਵ ਨੇ ਕਿਹਾ, "ਜਦ ਕੋਈ ਮਾਰਨ ਆਵੇਗਾ ਤਾਂ ਤੇਗ਼ ਕੱਢ ਕਰ ਉਸ ਨੂੰ ਦਿਆਂਗਾ ਤੇ ਆਖਾਂਗਾ ਕਿ ਜੇ ਮਾਰਨਾ ਹੀ ਤਾਂ ਗੁਰੂ ਦੀ ਕ੍ਰਿਪਾਨ ਨਾਲ ਮਾਰ।" ਜਦ ਐਸੇ ਨਿਰਵੈਰ ਬਚਨਾਂ ਦੀ ਗੱਲ ਗੁਰੂ ਗੋਬਿੰਦ ਸਿੰਘ ਜੀ ਤੱਕ ਪੁੱਜੀ ਤਾਂ ਉਨ੍ਹਾਂ ਫ਼ਰਮਾਇਆ ਕਿ ਇਸ ਨੂੰ ਕਿਸ ਨੇ ਤੇਗ਼ ਪਹਿਨਣ ਲਈ ਕਿਹਾ ਹੈ, ਇਸ ਦੀ ਘਾਲ ਉਹ ਹੀ ਜੋ ਗੁਰੂ ਪਿਤਾ ਜੀ ਇਸ ਨੂੰ ਦੱਸ ਗਏ ਹਨ। ਇਹ ਇਸੀ ਘਾਲ ਵਿਚ ਸਾਬਤ ਹੈ। ਆਪ ਜੀ ਨੇ ਅੱਗੇ ਵਧ ਗੁਰੂ ਗੋਬਿੰਦ (ਸਿੰਘ) ਜੀ ਦੇ ਚਰਨ ਪਕੜ ਲਏ ਤੇ ਮਨ ਵਿਚ ਪੱਕਾ ਧਾਰ ਲਿਆ ਕਿ ਗੁਰੂ ਗੋਬਿੰਦ (ਸਿੰਘ) ਜੀ ਵੀ ਜੋ ਕਰਮ ਕਰ ਰਹੇ ਹਨ, ਉਹ ਉਪਕਾਰ ਹੀ ਹੈ। ਤੇਗ਼ ਸੁਟਵਾ ਕੇ ਸੇਵਾ ਲਈ ਤਤਪਰ ਕਰਨਾ ਵੀ ਗੁਰੂ ਸੂਰਮੇ ਦਾ ਕੰਮ ਹੈ। ਗੁਰੂ ਜੀ ਨੇ ਤਿੰਨ ਵਾਰੀ ਨਿਹਾਲ, ਨਿਹਾਲ, ਨਿਹਾਲ ਆਖ ਕੇ ਸਚਮੁੱਚ ਹੀ ਭਾਈ ਜੀ ਨੂੰ ਨਿਹਾਲ ਕਰ ਦਿੱਤਾ। ਭਾਈ ਜੀ ਤਾਂ ਅੱਗੇ ਹੀ ਸੇਵਾ ਵਿਚ ਜੁੱਟੇ ਹੋਏ ਸਨ ਪਰ ਹੁਣ ਤਾਂ ਸਰੀਰ ਦੀ ਸੁਧ ਬੁਧ ਹੀ ਭੁੱਲ ਗਈ ਸਰੀਰ ਨੂੰ ਬਸਤਰ ਨਿਆਈਂ ਕਹਿੰਦੇ। ਤ੍ਰਿਸ਼ਨਾ ਉੱਤੇ ਉਨ੍ਹਾਂ ਪੂਰਾ ਬਲ ਪਾ ਲਿਆ ਸੀ। ਜਿਵੇਂ ਜਲ ਅੱਗ ਨੂੰ ਠੰਢਾ ਕਰਦਾ ਹੈ, ਤਿਵੇਂ ਘਾਲ ਕਰਕੇ ਉਹ ਨਿਰਛਲ, ਨਿਰਕਪਟ, ਨਿਰਵੈਰ ਵਿਅਕਤੀ ਬਣ ਗਏ ਸਨ। ਜੇ ਕੋਈ ਸਤਿਕਾਰ ਹਿਤ ਪਦਾਰਥ ਭੇਟ ਵੀ ਕਰਦਾ ਤਾਂ ਉਸ ਸਮੇਂ ਲੋੜਵੰਦਾਂ ਨੂੰ ਵੰਡ ਦਿੰਦੇ। ਬਹੁਤਾ ਸਮਾਂ ਜਲ ਸੇਵਾ ਵਿਚ ਲਗਾਂਦੇ। ਸੇਵਾ ਦੀ ਮਹੱਤਤਾ ਦ੍ਰਿੜ ਕਰਾਉਂਦੇ ਹੋਏ ਕਹਿੰਦੇ ਕਿ 'ਜਿਸ ਤਰ੍ਹਾਂ ਕੋਈ ਸਰਾਫ਼ ਪਾਸੋਂ ਸਰਾਫ਼ੀ ਸਿਖਣਾ ਚਾਹੇ

ਤਾਂ ਸਿਰਫ਼ ਉਪਦੇਸ਼ ਸੁਣਨ ਨਾਲ ਸਰਾਫ਼ੀ ਦਾ ਗੁਣ ਨਹੀਂ ਆ ਜਾਂਦਾ। ਰਹਿਤ ਨਾਲ ਹੀ ਪਰਮਾਤਮਾ ਮਿਲਦਾ ਹੈ, ਨਿਰੇ ਉਪਦੇਸ਼ ਨਾਲ ਤਾਂ ਮਨ ਸਗੋਂ ਢੀਠ ਹੋ ਜਾਂਦਾ ਹੈ, ਠਠਿਆਰਾਂ ਦੀ ਬਿੱਲੀ ਵਾਂਗ। ਮਨ ਦੀ ਮੈਲ ਸੇਵਾ ਹੀ ਉਤਾਰ ਸਕੇਗੀ।' ਜਦ ਅੱਗੋਂ ਕਿਸੇ ਪੁੱਛਿਆ ਕਿ ਸੇਵਾ ਕਿਸ ਦੀ ਕਰੀਏ ਤਾਂ ਕਹਿਣ ਲੱਗੇ, "ਘਟ ਘਟ ਮੇ ਰਮਤ ਰਾਮ" ਨੂੰ ਜਾਣ ਕਰ ਸੇਵਾ ਕਰਨੀ ਭਲੀ ਯੁਕਤ ਹੈ। ਗਵਾਂਢੀ ਲੋਕ ਤਾਂ 24 ਅਵਤਾਰ ਮੰਨਦੇ ਹਨ ਪਰ ਗੁਰੂ ਦਾ ਸਿੱਖ ਤਾਂ ਜੇਤੇ ਪ੍ਰਾਣੀ ਮਾਤਰ ਹੈ, ਸਭੀ ਅਵਤਾਰ ਦ੍ਰਿਸ਼ਟੀ ਦੇਖਦੇ ਹਨ। ਨਿਸਚਾ ਐਸਾ ਬਣ ਜਾਂਦਾ ਹੈ ਕਿ ਸਾਰੇ ਜੀਵ ਪ੍ਰਮਾਤਮਾ ਤੋਂ ਉਤਪੰਨ ਹੋਏ ਲਗਦੇ ਹਨ। ਬੁੱਧੀ ਵਿਸ਼ਾਲ ਹੋ ਜਾਂਦੀ ਹੈ ਤੇ ਘੇਰਾ ਗਗਨ ਜਿੰਨਾ ਚੌੜਾ।" ਫਿਰ "ਗਗਨ ਮੈ ਥਾਲ ਰਵਿ ਚੰਦ ਦੀਪਕ ਬਣੇ" ਦੇ ਸ਼ਬਦ ਦੀ ਧੁਨੀ ਲਗਾ ਦਿੰਦੇ। ਨਿਰੇ ਭੋਗਾਂ ਭੋਗਣ ਵਾਲੇ ਨੂੰ ਕਹਿੰਦੇ ਕਿ ਉਦਰ ਲਈ ਖਾਓ, ਮਨ ਲਈ ਨ ਖਾਓ।" ਨਿੰਦਿਆ ਤੋਂ ਸਦਾ ਹੀ ਵਰਜਦੇ। ਆਖਦੇ, "ਮਤ ਉਹ ਹੀ ਉੱਚੀ ਹੈ ਜੋ ਨਿੰਦਿਆ ਤੋਂ ਰਹਿਤ ਹੈ। ਨਿੰਦਿਆ ਵਾਲੀ ਵੀ ਕੋਈ ਮਤ ਹੈ।"

ਅਨੰਦਪੁਰ ਤੋਂ ਪਾਉਂਟਾ ਸਾਹਿਬ ਨਾਲ ਹੀ ਗਏ ਤੇ ਜਦ ਜੰਗਾਂ ਦਾ ਦੌਰ ਚੱਲ ਪਿਆ ਤਾਂ ਆਪ ਜੀ ਨੇ ਪਾਣੀ ਪਿਲਾਉਣ ਦੀ ਅਤਿ ਕਠਿਨ ਸੇਵਾ ਸੰਭਾਲ ਲਈ। ਜੰਗ ਦੇ ਮੈਦਾਨ ਵਿਚ ਬੇਬਾਕੀ ਨਾਲ ਚਲੇ ਜਾਂਦੇ। ਖੱਬੇ ਹੱਥ ਚਿੱਟਾ ਝੰਡਾ ਰੱਖਦੇ ਤੇ ਕੱਪੜੇ ਵੀ ਸਫ਼ੈਦ ਹੀ ਪਹਿਣਦੇ। ਬਿਨਾਂ ਵਿਤਕਰੇ ਦੇ ਪਾਣੀ ਪਿਲਾਣ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਹਿੰਦੂ-ਮੁਸਲਮਾਨ-ਸਿੱਖ ਦੀ ਲੀਕ ਮੁੱਕ ਚੁੱਕੀ ਸੀ। ਉਨ੍ਹਾਂ ਸਾਹਮਣੇ ਸਾਰੇ ਹੀ ਤਿਹਾਏ ਸਨ। ਸੂਰਜ ਪ੍ਰਕਾਸ਼ ਦੇ ਮਹਾਨ ਲਿਖਾਰੀ ਨੇ ਲਿਖਿਆ ਹੈ:

ਜਿਮ ਸਿੰਘਨ ਕੋ ਜਾਇ ਪਿਲਾਵੈ।
ਤਿਮ ਤੁਰਕਨ ਕੋ ਨਿਤ ਤ੍ਰਿਪਤਾਵੈ।

ਲੜਦੀਆਂ ਫ਼ੌਜਾਂ ਵਿਚ ਸਿੱਖ ਸਿਪਾਹੀ ਇਹ ਦੇਖ ਕੇ ਗੁੱਸੇ ਹੁੰਦੇ। ਕੁਝ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਭਾਈ ਸਾਹਿਬ ਨੂੰ ਵਿਰੋਧੀਆਂ ਨੇ ਖ਼ਰੀਦ ਲਿਆ ਹੈ ਤੇ ਭਾਰੀ ਮੁੱਠ ਤਾਰ ਦਿੱਤੀ ਹੈ :

ਗਿਰਪਤਿ ਗਨੋ ਸੋ ਮਿਲਿਓ ਲਖੀਜੈ।
ਕੁਛ ਲਾਲਚ ਕਰ ਦੇਤ ਜਨੀਜੈ।

ਆਖਰ ਸ਼ਿਕਾਇਤਾਂ ਗੁਰੂ ਗੋਬਿੰਦ ਸਿੰਘ ਜੀ ਤੱਕ ਪੁੱਜੀਆਂ। ਗੁਰੂ ਜੀ ਨੇ ਸੱਦ ਘੱਲਿਆ ਤੇ ਸਿੱਖਾਂ ਦੀ ਸ਼ਿਕਾਇਤ ਸੁਣਾਈ ਕਿ ਤੁਸੀਂ ਜੰਗ ਵਿਚ ਪਾਣੀ ਪਿਲਾਉਣ ਵੇਲੇ ਸਿੱਖ ਵੱਲ ਨਹੀਂ ਦੇਖਦੇ ਤੇ ਮੁਸਲਮਾਨਾਂ ਨੂੰ ਵੀ ਪਾਣੀ ਪਿਲਾਈ ਜਾਂਦੇ ਹੋ। ਭਾਈ ਜੀ ਨੇ ਹੱਥ ਜੋੜ ਬੇਨਤੀ ਕੀਤੀ ਕਿ ਉਸ ਨੇ ਤਾਂ ਕਦੇ ਤੁਰਕ ਜਾਂ ਹਿੰਦੂ ਨੂੰ ਪਾਣੀ ਨਹੀਂ ਪਿਲਾਇਆ। ਉਹ ਤਾਂ ਹਰ ਥਾਵੇਂ ਆਪ ਜੀ ਦਾ ਹੀ ਰੂਪ ਦੇਖਦਾ ਹੈ। ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ :

ਜਹਾਂ ਕਹਾਂ ਇਕ ਰੂਪ ਤੁਮਾਰਾ
ਨਹ ਦੂਸਰ ਮੈਂ ਕੋਊ ਨਿਹਾਰਾ ॥੩੩॥
ਸਭ ਮਹਿ ਰਹਿ ਬਿਰਾਜ ਸਮਾਨਾ॥
ਸਤ੍ਰ ਮਿਤ੍ਰ ਕੋ ਜਾਇ ਨਾ ਜਾਨਾ॥
ਸਭ ਥਲ ਤੁਮਰੋ ਰੂਪ ਨਿਹਾਰੋਂ॥
ਭੇਦ ਭਿੰਨ ਕੋ ਨ ਬਿਚਾਰੋਂ॥ ੩੪॥
ਮੋ ਕੋ ਤੋ ਇਮ ਹੀ ਦ੍ਰਿਸਟਾਵੈ॥
ਤੁਮ ਬਿਨ ਦੂਸਰ ਨਦਰ ਨ ਆਵੈ॥੩੫॥
ਨਾ ਪਹਾਰੀ ਮਹਿਰ ਕੋਊ ਦੂਜਾ॥
ਜਹਿ ਕਹਿ ਕਰਹਿ ਆਪ ਕੀ ਪੂਜਾ॥੩੬॥
(ਰੁਤ ਛੇਵੀਂ, ਅਧਿ: ੨੯)

ਇਹ ਸੁਣ ਕੇ ਕਲਗੀਆਂ ਵਾਲੇ ਨੇ ਸਭ ਨੂੰ ਵਰਜਿਆ ਕਿ ਇਸ ਨੂੰ ਕੋਈ ਨ ਰੋਕੇ ਤੇ ਨਾ ਹੀ ਕੋਈ ਇਸ ਦੀ ਕਰਣੀ ਤੇ ਸ਼ੱਕ ਕਰੇ।

ਇਸ ਕੋ ਕਿਸ ਬਿਧ ਕਹੋ ਨ ਕੋਈ॥
ਕਰੈ ਜਥੋ ਚਿਤ ਜਿਮ ਉਰ ਹੋਈ॥

ਤੇ ਫਿਰ ਮਰਹਮ ਤੇ ਪੱਟੀ ਬਖਸ਼ਦੇ ਹੋਏ ਕਿਹਾ ਕਿ ਫੱਟਾਂ ਉੱਤੇ ਵੀ ਪੱਟੀ ਲਗਾ ਦਿਆ ਕਰੋ। ਸ੍ਰੀ ਰਤਨ ਮਾਲ ਵਾਲਾ ਲਿਖਦਾ ਹੈ ਕਿ : 'ਉਹ ਸਿੰਘਾਂ ਬੀਚ ਭੀ ਤੇ ਤੁਰਕਾਂ ਬੀਚ ਭੀ ਬਿਚਰਦੇ। ਕੋਈ ਇਸ ਕੋ ਅਟਕਾਵੈ ਨਹੀਂ। ਨਿਸ਼ੰਕ ਹੀ ਫਿਰੇ। ਇਕ ਸਮਾਨ ਸਭੀ ਕੋ ਜਾਨ ਕੈ ਸੇਵਾ ਬੜੇ ਪ੍ਰੇਮ ਸੇ ਕਰਹਿ। ਅਰ ਸਾਧੂ ਜਾਣਕੈ ਸਭੀ ਨਮਸਕਾਰ ਕਰੈਂ, ਕੋਈ ਇਸਕੋ ਦੁਖਾਵੈ ਨਾਹੀ।"

ਆਪ ਜੀ ਦੀ ਅਗਵਾਈ ਹੇਠ ਕਈ ਹੋਰ ਭਾਈ ਕਨ੍ਹਈਆ ਪੈਦਾ ਹੋਏ ਜੋ ਜੰਗਾਂ ਵਿਚ ਤੁਰਕ ਅਤੁਰਕ ਦਾ ਵਿਤਕਰਾ ਮੇਟ ਕੇ ਜਲ ਦੀ ਸੇਵਾ ਤੇ ਫੱਟਾਂ ਨੂੰ ਸੀ ਕੇ ਪੱਟੀ ਬੰਨ੍ਹਦੇ।

1704 ਈ. ਦੇ ਅਖ਼ੀਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛੱਡਿਆ ਤਾਂ ਆਪ ਜੀ ਫਿਰ 'ਕਵੇ' ਆ ਗਏ। ਸਾਰੇ ਇਲਾਕੇ ਵਿਚ ਸਿੱਖੀ ਦਾ ਢੰਡੋਰਾ ਫੇਰ ਦਿੱਤਾ। ਦੂਰ-ਦੂਰ ਤੱਕ ਸੇਵਾ ਲਈ ਉਤਸ਼ਾਹ ਉਠ ਖਲੋਤਾ। ਜਦ ਦੁਨੀਆਂ ਨੇ ਕਹਿਣਾ ਕਿ ਭਾਈ ਸਾਹਿਬ ਤੁਸੀਂ ਇਸ ਜਰਵਾਣੇ

ਦੇਸ਼ ਦੀ ਸੇਵਾ ਕਰਦਿਆਂ ਘਬਰਾਉਂਦੇ ਨਹੀਂ ਤਾਂ ਕਹਿੰਦੇ "ਸੰਤਹੁ ਕੋ ਸਭ ਸੰਤ ਦਿਖਾਈ ਦਿੰਦੇ ਹਨ ਤੇ ਅਸੰਤਹੁ ਕੋ ਸਭ ਅਸੰਤੁ। ਸੰਤ ਤਾਂ ਹੈ ਹੀ ਉਹ ਜੋ ਰਜੋ, ਤਮੋ ਤੇ ਸਤੋ ਤੋਂ ਉਤਾਂਹ ਹੈ, ਰਜੋ ਵਾਲਾ ਸਾਰੇ ਕੰਮ ਮਾਇਆ ਦੇ ਕਰਦਾ ਹੈ। ਸਾਤਕ, ਕਰਮ ਕਰਕੇ ਇੱਛਾ ਕਰਦਾ ਹੈ ਫਲ ਦੀ। ਤਾਮਸ ਵਾਲਾ ਸਭ ਕੰਮ ਅਗਿਆਨ ਵਿਚ ਕਰਦਾ ਹੈ। ਸੰਤ ਕਿਸੇ ਗੱਲ ਦੀ ਇੱਛਾ ਨਹੀਂ ਕਰਦਾ ਗੁਰੂ ਅੰਗਦ ਦੇਵ ਜੀ ਦਾ ਉਹ ਉਪਦੇਸ਼ ਜੋ ਉਨ੍ਹਾਂ (ਗੁਰੂ) ਅਮਰਦਾਸ ਜੀ ਨੂੰ ਉਸ ਸਮੇਂ ਦਿੱਤਾ ਜਦ ਉਨ੍ਹਾਂ ਨੇ ਤਪੇ ਨੂੰ ਸਜ਼ਾ ਦਿਲਵਾਈ ਸੀ, ਸੰਗਤਾਂ ਨੂੰ ਸੁਣਾਇਆ ਕਰਦੇ। ਉਪਦੇਸ਼ ਦਾ ਤੱਤ ਸਾਰ ਸੀ, "ਸੰਨਿਆਸੀਆਂ ਕੋਲੋਂ ਇਤਨੀ ਭੁੱਲ ਹੋਈ ਕਿ ਉਸ ਨੇ ਲੋਕਾਂ ਨੂੰ ਆਖ ਕੇ ਸਾਡਾ ਮੰਜਾ ਚੁਕਵਾਇਆ। ਤਿੰਨ ਕੋਹ ਬਾਹਰ ਆ ਗਏ। ਉਥੇ ਨਾਂਹ ਵਸੇ, ਇਥੇ ਵੱਸ ਗਏ। ਸਾਡਾ ਕੀ ਘਟਿਆ ? ਸਾਨੂੰ ਲੋਕ ਸਾਧ ਕਹਿੰਦੇ ਸਨ। ਸਾਨੂੰ ਸਹਿਣਸ਼ੀਲਤਾ ਚਾਹੀਦੀ ਹੈ। ਨਾ ਕਰਦੇ ਤਾਂ ਬਦਲਾ ਲੈਂਦੇ ਪਰ ਬਦਲਾ ਇਤਨਾ ਨਹੀਂ ਸਰੀਰ ਹੀ ਖੋਹ ਲੈਂਦੇ। ਕ੍ਰੋਧ ਉੱਪਰ ਬਲ ਪਾਉਣਾ ਬਹਾਦਰੀ ਹੈ। ਸਤਿਗੁਰ ਦਾ ਰਿਦਾ ਐਸਾ ਚਾਹੀਦਾ ਹੈ ਕਿ ਕੋਟਾਨ ਕੋਟ ਦੁਸ਼ਟ ਦੰਡ ਦੇਵੇ, ਨਿੰਦਿਆ ਕਰੇ, ਬੁਰਾ ਕਰੇ, ਅਤਿ ਕਰੇ, ਤਾਂ ਵੀ ਗੰਭੀਰ ਰਹੇ। ਸਮੁੰਦਰ ਪਰਮ ਗੰਭੀਰ ਹੈ। ਸਭ ਸਿਫ਼ਤ ਕਰੇ ਤਾਂ ਫੂਲੇ ਨਾਂਹ, ਸਭ ਅਪਜਸ ਕਰੇ ਤਾਂ ਧੀਰਜ ਨਾ ਛੱਡੇ। ਸੂਰਜ ਕੋਲ ਰਾਤ ਨਹੀਂ, ਅਗਨ ਵਿਖੇ ਬਰਫ਼ ਨਹੀਂ ਰਹਿ ਸਕਦੀ। ਕ੍ਰੋਧ ਦਾ ਸੁਭਾਉ ਗਵਾਵਣਾ ਅਤੇ ਸੱਪ ਦਾ ਸੁਭਾਉ ਮੂਲ ਤੋਂ ਉਖਾੜ ਛੱਡਣਾ, ਮਨ ਨੂੰ ਮਾਰੇ ਜਿਵੇਂ ਮੁਹਰੇ ਨੂੰ ਮਾਰਿਆ। ਪਾਰੇ ਨੂੰ ਮਾਰੇ। ਬੁਰੀਆਂ ਪ੍ਰਕ੍ਰਿਤੀਆਂ ਦੀ ਥਾਵੇਂ ਭਲੀਆਂ ਪ੍ਰਕ੍ਰਿਤੀਆਂ ਰੱਖਣਾ।

ਕੈਸੀ ਨਿਰਵੈਰ ਬ੍ਰਿਤੀ ਭਾਈ ਸਾਹਿਬ ਜੀ ਦੀ ਸੀ ਕਿ ਉਹ ਅਖਾਣ ਹੀ ਬਣ ਗਿਆ। ਆਪ ਜੀ ਨੂੰ ਕਿਸੇ ਘਰ ਪ੍ਰਸ਼ਾਦ ਛਕਾਇਆ। ਉਸ ਨੇ ਭੁਲੇਖੇ ਵਿਚ ਖੰਡ ਦੀ ਥਾਂ ਲੂਣ ਪਾ ਦਿੱਤਾ। ਆਪ ਜੀ ਨੇ ਪਿਆਰ ਸਹਿਤ ਛਕ ਲਿਆ। ਪਰ ਜਦ ਘਰ ਵਾਲੇ ਨੂੰ ਪਤਾ ਲੱਗਾ ਤਾਂ ਪਿਛੇ ਦੌੜਦਾ ਆਇਆ ਤੇ ਖੰਡ ਦੀ ਥਾਂ ਲੂਣ ਖਵਾਉਣ ਦੀ ਖਿਮਾਂ ਮੰਗੀ। ਭਾਈ ਜੀ ਨੇ ਕਿਹਾ ਕਿ ਜਿਸ ਨਿਯਤ ਨਾਲ ਤੂੰ ਖਵਾਈ ਹੈ, ਸਾਨੂੰ ਤਾਂ ਉਹ ਹੀ ਮਿਲੀ ਹੈ।ਦੂਜੇ ਲੂਣ ਨੂੰ ਨਿੰਦਦਾ ਤਾਂ ਜਿੰਨੀ ਪਿੱਛੇ ਖੰਡ ਖਾਧੀ ਹੈ, ਉਸ ਦਾ ਲੇਖਾ ਹੁੰਦਾ। ਸੋ ਸ਼ੁਕਰ ਹੀ ਠੀਕ ਹੈ।

ਖੰਡ ਸਰਕਾਰੀ ਹੋਵੈ ਤਬੀ॥
ਬਿਖ ਸਿਉ ਮੁਖ ਨਹੀਂ ਫੇਰਉ ਜਬੀ।

ਲੋਕਾਂ ਦੀਆਂ ਨਿਯਤਾਂ ਪੜ੍ਹਨ ਦਾ ਨੁਸਖਾ ਦੱਸਦੇ ਹੋਏ ਕਹਿੰਦੇ ਕਿ ਜਦ ਕੋਈ ਆਖੇ ਪ੍ਰਸ਼ਾਦਿ ਪਾਇਆ ਹੈ ਤਾਂ ਕਹਿਣਾ ਕਿ ਪ੍ਰਸ਼ਾਦਿ ਪਾਇਕੇ ਹੀ ਇਤਨਾ ਵੱਡਾ ਹੋਇਆ ਹੈ। ਜੇ ਕੋਈ ਆਖੇ ਕਿ 'ਛਕੋਗੇ' ਤਾਂ ਉਸ ਦੀ ਛਕਾਉਣ ਦੀ ਨਿਯਤ ਨਹੀਂ ਹੈ, ਸੋ ਨਾਂਹ ਕਰ ਦੇਣੀ ਪਰ ਜੇ ਕੋਈ ਆਖੇ ਆਓ ਪ੍ਰਸ਼ਾਦਿ ਛਕੋ ਤਾਂ ਉਸ ਸਮੇਂ ਹੀ ਪਾਇ ਲੈਣਾ।"

ਕਿਸੇ ਪੁੱਛਿਆ ਕਿ ਸਭ ਤੋਂ ਸ੍ਰੇਸ਼ਟ ਕਰਮ ਕਿਹੜਾ ਹੈ ਤਾਂ ਭਾਈ ਜੀ ਨੇ ਕਿਹਾ :

ਭਗਵੰਤ ਦਾ ਭਾਣਾ ਮੀਠਾ ਲਾਗੈ।
ਤਾਂ ਸਾਰੇ ਲਾਭ ਪ੍ਰਾਪਤ ਹੁੰਦੇ ਹਨ।
"ਨਾਨਕ ਮੰਗੈ ਦਾਨ ਜੋ ਤੁਧੁ ਭਾਇਆ।
ਜਿਨੀ ਭਾਣੈ ਦਾ ਰਸ ਆਇਆ।
ਤਿੰਨ ਵਿਚਹੁ ਦੁਸ਼ਟ ਅਹੰਕਰਣ ਚੁਕਾਇਆ।"

ਜਦ ਇਹ ਪੁੱਛਿਆ ਗਿਆ ਕਿ ਭਾਣਾ ਮੰਨਣ ਦਾ ਕੀ ਰੂਪ ਹੈ ਤਾਂ ਆਪ ਜੀ ਨੇ ਫ਼ਰਮਾਇਆ : "ਦੁੱਖ ਵਿਚ ਸੋਗ ਨਾਂਹ ਮੰਨੇ ਤੇ ਸੁਖ ਵਿਚ ਹਰਖ ਨਾ ਕਰੇ।" ਅੱਗੋਂ ਉਸ ਪੁਰਸ਼ ਨੇ ਕਿਹਾ ਕਿ ਸਾਨੂੰ ਤਾਂ ਇਹ ਬਹੁਤ ਅਉਖਾ ਲੱਗਦਾ ਹੈ ਤਾਂ ਭਾਈ ਜੀ ਨੇ ਕਿਹਾ ਜਦ ਤੱਕ ਪ੍ਰਮਾਤਮਾ ਨਾਲ ਪ੍ਰੀਤ ਨਹੀਂ ਹੈ ਤਦ ਤੱਕ ਭਾਣਾ ਮਿੱਠਾ ਨਹੀਂ ਲੱਗਦਾ। ਭਗਵੰਤ ਨਾਲ ਪ੍ਰੀਤ ਕਰੋ, ਕ੍ਰੋਧ ਨੂੰ ਵਰਤਣ ਦੀ ਜਾਚ ਸਿੱਖੋ, ਕਾਮ ਐਸ਼ ਲਈ ਨਹੀਂ, ਸੰਜਮ ਤੇ ਉਤਪਤੀ ਲਈ ਹੈ। ਕ੍ਰੋਧ ਕਰੋ ਆਪਣੇ ਸਰੀਰ ਉੱਤੇ। ਇੰਦ੍ਰੀਆਂ ਦੇ ਰੋਗ ਨੂੰ ਜਲਾਵੋ ਖੂਨੀ ਹਾਥੀ ਮਾੜਾ ਹੈ ਪਰ ਸ਼ਤਰੂਆਂ ਉੱਤੇ ਛੱਡ ਦਈਏ ਤਾਂ ਕੰਮ ਆਉਂਦਾ ਹੈ, ਇਨ੍ਹਾਂ ਨੂੰ ਵਰਤੋ।"

ਭਾਈ ਕਨ੍ਹਈਆ ਦੇ ਸੁਭਾਉ ਸਬੰਧੀ ਲਿਖਿਆ ਹੈ ਕਿ ਸਦਾ ਹੀ ਸਹਿਜ ਵਿਚ ਵਿਚਰਦੇ ਸਨ ਤੇ ਕਦੇ ਵੀ ਨਿੱਜ ਦਾ ਖ਼ਿਆਲ ਨਹੀਂ ਸਨ ਕਰਦੇ। "ਸਹਿਜ ਹਿੰਡੋਲੇ ਝੂਲਤੇ, ਨਿੱਜ ਭਾਵਨ ਕੱਟ ਦੇਹਿ।" ਪਰਉਪਕਾਰ ਲਈ ਸਦਾ ਤਤਪਰ ਰਹਿੰਦੇ। ਜੰਗ ਵਿਚ ਕੋਈ ਠੰਢਾ ਸੀ ਤਾਂ ਭਾਈ ਕਨ੍ਹਈਆ। ਵੇਦਾਂਤ ਭਾਵ ਹੀਨ ਹੈ, ਇਸ ਕਰਕੇ ਅਗਲੀ ਮੰਜ਼ਲ ਵਿਚ ਸਮ ਦ੍ਰਿਸ਼ਟੀ ਸਥਿਰ ਨਹੀਂ ਰਹਿੰਦੀ। ਭਾਈ ਕਨ੍ਹਈਆ ਜੀ ਵਲਵਲੇ ਵਾਲੇ ਬੰਦੇ ਸਨ, ਉਹ ਪਾਣੀ ਗੁਰੂ-ਮੁਖ ਵਿਚ ਹੀ ਪਾਉਂਦੇ ਸਨ।

ਇਕ ਵਾਰੀ ਇਕ ਮੁਗ਼ਲ ਖ਼ਾਂ ਨੇ ਜਿਸ ਨੂੰ ਉਨ੍ਹਾਂ ਜੰਗ ਵਿਚ ਪਾਣੀ ਪਿਲਾ ਬਚਾਇਆ ਸੀ, ਪਾਰਸ ਦਿੱਤਾ। ਭਾਈ ਜੀ ਨੇ ਵਗਦੇ ਪਾਣੀ ਵਿਚ ਵਗਾਹ ਮਾਰਿਆ। ਉਹ ਨਿਰਾਸ ਹੋ ਗਿਆ। "ਨ ਤੁਹਾਡੇ ਕੰਮ ਆਇਆ ਨ ਮੇਰੇ।ਮੈਂ ਤਾਂ ਮਰ ਜਾਸਾਂ, ਪਾਰਸ ਦਿਉ।" ਭਾਈ ਸਾਹਿਬ ਨੇ ਦ੍ਰਿਸ਼ਟੀ ਕੀਤੀ,

ਨਦੀ ਪਾਟ ਗਈ। ਉਸ ਨੂੰ ਪੱਥਰਾਂ ਵਿਚੋਂ ਪਾਰਸ ਪਛਾਣਨ ਲਈ ਕਿਹਾ। ਉਹ ਚਰਨੀਂ ਢੱਠਾ ਤੇ ਕਿਹਾ, "ਖਿਮਾਂ ਕਰਨੀ, ਮੈਂ ਜਾਤਾ ਨਹੀਂ, ਤੁਮ ਖੁਦ ਖੁਦਾਇ ਕੀ ਸੂਰਤ ਹੋ।" ਇਹ ਸਭ ਹੀਰੇ ਮਤ ਵਿਚ ਹਨ। ਪ੍ਰਾਣਾਂ ਦੀ ਨਦੀ ਟੁਰ ਰਹੀ ਹੈ। ਦੋ ਸ਼ਾਖ਼ਾਂ ਹਨ। ਇੜਾ-ਪਿੰਗਲਾ, ਪ੍ਰੇਮ ਤੇ ਸੇਵਾ ਹੀ ਦੋ ਟਾਹਣੀਆਂ ਹਨ। ਸੇਵਾ 'ਇੜਾ' ਹੈ ਤੇ ਪ੍ਰੇਮ 'ਪਿੰਗਲਾ'। ਪ੍ਰੇਮ ਲੰਗੜਾ ਹੈ ਬਗ਼ੈਰ ਸੇਵਾ ਦੇ। ਪ੍ਰੇਮ ਬਗ਼ੈਰ ਸੇਵਾ ਨਹੀਂ ਹੋ ਸਕਦੀ। ਜੋ ਇਨ੍ਹਾਂ ਦੋਵਾਂ ਨੂੰ ਰੱਖਦੇ ਹਨ, ਉਹ ਹੀ ਸਹਿਜ ਨੂੰ ਪਾ ਲੈਂਦੇ ਹਨ। ਭਾਈ ਸਾਹਿਬ ਤਾਂ ਸਹਿਜ ਦੇ ਝੂਲੇ ਵਿਚ ਝੂਲਦੇ ਰਹਿੰਦੇ ਸਨ।

ਇਕ ਸਮੇਂ ਜਦ ਖੂਹ ਪੁਟਵਾਉਣ ਲੱਗੇ ਤਾਂ ਲੋਕਾਂ ਨੇ ਕਿਹਾ ਕਿ ਉਗਰਾਹੀ ਕਰਕੇ ਖੂਹ ਪੁਟਵਾ ਦਿੰਦੇ ਹਾਂ ਤਾਂ ਕਹਿਣ ਲੱਗੇ ਕਿ ਉਗਰਾਹੀ ਦੇ ਦਾਮ ਨਾਲ ਖੂਹ ਪੁਟਵਾਣਾ ਸੇਵਾ ਨਹੀਂ ਹੈ। ਜਦ ਇਕ ਨੇ ਸਾਰਾ ਖ਼ਰਚ ਕਰਨ ਦੀ ਗੱਲ ਕਹੀ ਤਾਂ ਵੀ ਆਪ ਜੀ ਨੇ ਇਨਕਾਰ ਕਰ ਦਿੱਤਾ ਤੇ ਸਾਥੀਆਂ ਨੂੰ ਕਿਹਾ ਕਿ ਇਕ ਦਾ ਧਨ ਨਹੀਂ ਲਗਵਾਉਣਾ, ਉਹ ਰੋਜ਼ ਕਹਿੰਦਾ ਫਿਰੇਗਾ ਕਿ ਮੇਰੇ ਧਨ ਨਾਲ ਇਹ ਖੂਹ ਬਣਿਆ ਹੈ। ਦਾਨ ਨਾਲ ਸਗੋਂ ਅਹੰਕਾਰ ਵਧੇਗਾ। ਜਦ ਮੈਂ ਜਾਣਦਾ ਹਾਂ ਕਿ ਉਸ ਦਾ ਅਹੰਕਾਰ ਵਧਣਾ ਹੈ ਤਾਂ ਉਸਦੀ ਭੇਟਾ ਕਿਉਂ ਲਵਾਂ ?

ਰਜ਼ਾ ਵਿਚ ਰਾਜ਼ੀ ਰਹਿਣਾ ਕੋਈ ਉਨ੍ਹਾਂ ਕੋਲੋਂ ਸਿੱਖੇ। ਬਾਰਸ਼ ਦਾ ਰੰਗ ਦੇਖ ਕੇ ਕੁਝ ਕਿਸਾਨਾਂ ਨੇ ਭਾਈ ਜੀ ਨੂੰ ਬੇਨਤੀ ਕੀਤੀ ਕਿ ਅਰਦਾਸ ਕਰੋ ਕਿ ਬਾਰਸ਼ ਨਾ ਹੋਵੇ ਤਾਂ ਆਖਣ ਲੱਗੇ : 'ਰਜ਼ਾ ਵਿਚ ਰਾਜ਼ੀ ਰਹਿਣਾ ਧਰਮ ਹੈ। ਸੁਆਮੀ ਜੋ ਕੁਝ ਕਰ ਰਿਹਾ ਹੈ, ਸੇਵਕ ਨੂੰ ਉਸ ਅੱਗੇ ਹੀ ਸਿਰ ਝੁਕਾਉਣਾ ਚਾਹੀਦਾ ਹੈ':

ਜੋ ਕੁਛ ਕਰੈ ਸੁਆਮੀ ਮੇਰਾ,
ਉਹੀ ਪੂਰੀ ਜਾਨੈ ਚੇਰਾ।

ਬਹੁਤ ਮਹਿਲ ਮਾੜੀਆਂ ਬਣਾਉਣ ਵਾਲੇ ਨੂੰ ਕਹਿੰਦੇ ਕਿ 'ਮਹਲ ਝਰੋਖੈ ਸੋਈ ਬਨਾਵਹਿ॥ ਜਿਨ ਕਉ ਮਰਨਾ ਚਿਤ ਨਹੀਂ ਆਵਹਿ॥

ਧਰਮ ਦੀਆਂ ਗੁੰਝਲਾਂ ਬੜੇ ਸਹਿਜ ਢੰਗ ਨਾਲ ਖੋਲ੍ਹ ਦਰਸਾਂਦੇ। ਜਦ ਕਿਸੇ ਪੁੱਛਿਆ ਕਿ ਬੁੱਤ ਪੂਜ ਕੌਣ ਹੈ ਤਾਂ ਕਹਿਣ ਲੱਗੇ ਕਿ ਗੁਰੂ ਗ੍ਰੰਥ ਸਾਹਿਬ ਤੇ ਬੁੱਤ ਅੱਗੇ ਮੱਥਾ ਟੇਕਣ ਤੱਕ ਦੋਵੇਂ ਹੀ ਬੁੱਤ ਪੂਜ ਹਨ। ਪਰ ਬੁੱਤ ਨੇ ਅੱਗੋਂ ਕੁਛ ਕਹਿਣਾ ਨਹੀਂ, ਗੁਰੂ ਹੁਕਮ ਕਰੇਗਾ, ਸ਼ਬਦ ਉਚਾਰੇਗਾ ਤੇ ਜੇ ਸਿੱਖ ਗੁਰੂ ਦੇ ਹੁਕਮਾਂ ਉੱਤੇ ਟੁਰਦਾ ਹੈ ਤਾਂ ਉਹ ਬੁੱਤ ਪੂਜ ਨਹੀਂ, ਜੇ ਉਹ ਗੁਰੂ ਦੇ ਹੁਕਮ ਨੂੰ ਗੌਲਦਾ ਹੀ ਨਹੀਂ, ਤਾਂ ਉਹ ਵੀ ਬੁੱਤ ਪੂਜ ਹੈ। ਗੁਰੂ ਕੀ ਆਗਿਆ ਨਾ ਮੰਨਣ ਵਾਲੇ ਦਾ ਮੱਥਾ ਟੇਕਣਾ, ਕਬਰ, ਮੜ੍ਹੀ ਜਾਂ ਬੁਤ ਨੂੰ ਮੱਥਾ ਟੇਕਣ ਦੇ ਹੀ ਤੁਲ ਹੈ। ਭੇਖਾਂ ਦੇ ਸਖ਼ਤ ਵਿਰੋਧੀ ਸਨ। ਕਿਹਾ ਕਰਦੇ :

ਭੇਖ ਕਰਤ ਨਹ ਸੰਤ ਖ਼ੁਸ਼ ਹੋਇ॥
ਕਰਣੀ ਬਾਝਹੁ ਤਰੈ ਨ ਕੋਇ॥
ਦੰਭ ਸਹਿਤ ਜੋ ਜਾਗੈ ਰੋਵੇ॥
ਥੋਰਾ ਖਾਵੇ ਕਬਹੂੰ ਨ ਸੋਵੈ॥
ਦੰਭ ਸਹਿਤ ਜੋ ਨੈਣ ਮਾਵੈ॥
ਤਾਕੋ ਮੈਂ ਹਿਰਦੇ ਨਹੀਂ ਭਾਵੈ॥
ਨਿਰ ਦੰਭੀ ਭਾਵੈ ਮੋਹਿ ਮਨਾ॥
ਤਿਹ ਤਿਲ ਕਰਨੀ ਮੇਰਾ ਮਨਾ॥

ਕਿਰਤ ਕਰਨਾ ਹੀ ਸਭ ਤੋਂ ਉੱਤਮ ਕਰਮ ਕਹਿੰਦੇ, ਕਿਰਤ ਵਿਚ ਬਹੁਤਾ ਝਾਕਣਾ ਨਹੀਂ ਚਾਹੀਦਾ। ਜਿਸ ਕਿਰਤ ਵਿਚ ਪੇਟ ਭਰ ਰੋਟੀ ਮਿਲ ਜਾਏ, ਉਸ ਨੂੰ ਕਰੀ ਜਾਣਾ ਹੀ ਠੀਕ ਸੰਤੋਖ ਹੈ :

ਕਿਰਤ ਏਕ ਕਉ ਹਾਥ ਲਗਾਵਹੁ।
ਤਾਕਾ ਕਿਰਤ ਨਿਕਟ ਨ ਜਾਵਹੁ।

ਕਿਸੇ ਗ੍ਰਹਿਸਤੀ ਨੇ ਬਹੁਤ ਧਨ ਤੇ ਪਦਾਰਥ ਮੱਥਾ ਟੇਕਿਆ ਤਾਂ ਸਾਰਾ ਪਦਾਰਥ ਤੇ ਧਨ ਉਸੇ ਨੂੰ ਵਾਪਸ ਮੋੜ ਦਿੱਤਾ ਤੇ ਕਿਹਾ ਕਿ ਇਸ ਧਨ ਦੀ ਤੈਨੂੰ ਬਹੁਤ ਲੋੜ ਹੈ। ਤੂੰ ਇਸ ਨਾਲ ਹੋਰ ਵਪਾਰ ਨੂੰ ਵਧਾ, ਲੋੜਵੰਦ ਨੂੰ ਕਮਾਈ ਵਿਚੋਂ ਦਿੱਤੀ ਜਾ, ਮੈਨੂੰ ਭੇਟਾ ਆਪੇ ਪੁੱਜ ਜਾਵੇਗੀ। ਇਸ ਤਰ੍ਹਾਂ ਇਕ ਹੋਰ ਪੁਰਸ਼ ਨੇ ਮਨੋ-ਕਾਮਨਾ ਪੂਰਨ ਕਰਨ ਦੀ ਅਰਦਾਸ ਕਰਨ ਲਈ ਬੇਨਤੀ ਕੀਤੀ, ਤਾਂ ਆਪ ਜੀ ਨੇ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਜੇ ਤੇਰੀ ਮਨੋ-ਕਾਮਨਾ ਵਾਸ਼ਨਾ ਵਾਲੀ ਹੈ ਤੇ ਅਰਦਾਸ ਨਾਲ ਪੂਰੀ ਹੋਈ ਤਾਂ ਇਹ ਪਾਪ ਬਣ ਜਾਵੇਗਾ ਤੇ ਜੇ ਨਾ ਹੋਈ ਤਾਂ ਵਾਹਿਗੁਰੂ ਦੇ ਜਨਾਂ ਉੱਤੇ ਤੂੰ ਗੁਸਾ ਕਰੇਂਗਾ ਤੇ ਤੇਰਾ ਬਣਿਆ ਨਿਸ਼ਚਾ ਟੁੱਟ ਜਾਏਗਾ। ਫਿਰ ਪ੍ਰਸ਼ਾਦ ਛਕ ਕੇ ਅਰਦਾਸ ਕਰਨੀ ਤਾਂ ਲੈਣ-ਦੇਣ ਹੋ ਗਿਆ! ਵਾਹਿਗੁਰੂ ਅੱਗੇ ਅਰਦਾਸ ਹੈ। ਉਸ ਨਾਲ ਕੋਈ ਚਿੱਠੀ ਪੱਤਰ ਨਹੀਂ। ਉਸ ਦੀ ਮਇਆ ਮੰਗਣੀ ਹੀ ਠੀਕ ਅਰਦਾਸ ਹੈ। ਦੁਨੀਆਂ ਦੇ ਲੋਕੀਂ ਤਾਂ ਗੁਰਮਤਿ ਨੂੰ ਸੌਦਾ ਹੀ ਗਿਣਦੇ ਹਨ। ਰਾਮ ਨੂੰ ਖਿਡੌਣਾ ਹੀ ਸਮਝਦੇ ਹਨ :

ਗੁਰਮਤਿ ਕਉ ਸਉਦਾ ਮਨ ਮਾਨਾ॥
ਕੁਛ ਦੇ ਕੇ ਵਹੁ ਲੋਨੀ ਜਾਨਾ॥
ਸੋ ਤੋ ਗੁਰਮਤਿ ਦਾਤ ਖਸਮ ਕੀ॥
ਦੇਣ ਲੇਨ ਯਹ ਬਾਤ ਰਸਮ ਕੀ॥

ਰੀਤ, ਰਸਮ ਸਿਉ ਗੁਰਮਤਿ ਪਰੇ॥
ਮਨ ਮਹਿ ਜਾਨਹੁ ਸੋ ਜਨ ਕਰੇ॥

ਭਾਈ ਕਨ੍ਹਈਆ ਜੀ ਦੀ ਇਹ ਭਾਵ ਪੂਰਤ ਰਮਜ਼ ਰੀਤ ਰਸਮ ਸਿਉ ਗੁਰਮਤਿ ਪਰੇ'' ਜੇ ਪੰਥ ਜਾਣ ਲਵੇ ਤਾਂ ਅੱਜ ਹੀ ਸਿੱਖ ਧਰਮ ਵਿਸ਼ਵ ਧਰਮ ਬਣ ਜਾਏ। ਅਸੀਂ ਬਹੁਤੀ ਵਾਰੀ ਅਨਜਾਣ-ਪੁਣੇ ਵਿਚ ਪੰਜਾਬੀ ਰੀਤਾਂ, ਰਸਮਾਂ ਤੇ ਰਵਾਇਤਾਂ ਦਾ ਹੀ ਪ੍ਰਚਾਰ ਕਰੀ ਜਾਂਦੇ ਹਾਂ। ਗੁਰਮਤਿ ਤਾਂ ਸਰਬ-ਸਾਂਝੀ ਹੈ।

ਇਕ ਵਾਰੀ ਇਕ ਹੋਰ ਪੁਰਸ਼ ਪ੍ਰਸ਼ਾਦ ਆਖਣ ਆਇਆ ਤੇ ਉਸ ਕਿਹਾ : ਸਾਡੇ ਗ਼ਰੀਬਾਂ ਦੇ ਘਰ ਵੀ ਪ੍ਰਸ਼ਾਦ ਪਾਓ, ਤਾਂ ਆਪ ਜੀ ਨੇ ਕਿਹਾ ਤੇਰੇ ਘਰ ਲਈ ਟੱਬਰ ਪਾਲਣਾ ਮੁਸ਼ਕਲ ਹੋ ਰਿਹਾ ਹੈ। ਟੱਬਰ ਪਾਲਣਾ ਹੀ, ਸਾਨੂੰ ਪ੍ਰਸ਼ਾਦ ਛਕਾਉਣਾ ਹੈ, ਕਿਸੇ ਬੱਚੇ ਦੇ ਮੂੰਹ ਵਿਚੋਂ ਕੱਢ ਕੇ ਖਵਾਉਣਾ ਠੀਕ ਨਹੀਂ। ਪਰ ਇਕ ਦੂਜੇ ਨੇ ਉਸੇ ਸਮੇਂ ਆਖ ਦਿੱਤਾ ਕਿ ਫਿਰ ਤੁਸੀਂ ਅਮੀਰਾਂ ਦੇ ਘਰ ਹੀ ਛੱਕਦੇ ਹੋ। ਭਾਈ ਸਾਹਿਬ ਨੇ ਕਿਹਾ ਅਸੀਂ ਪ੍ਰਸ਼ਾਦਿ ਅਭਿਮਾਨੀਆਂ ਦੇ ਘਰ ਨਹੀਂ ਛੱਕਦੇ। ਨਿਮਰਤਾ ਵਾਲੇ ਦੇ ਘਰ ਹੀ ਜਾਂਦੇ ਹਾਂ। ਜੋ ਮਾਇਆ ਦਾ ਵਿਖਾਵਾ ਦਿਖਾਣ ਲਈ ਸਾਨੂੰ ਬੁਲਾਉਂਦਾ ਹੈ, ਉਸ ਪਾਸ ਨਹੀਂ ਜਾਂਦੇ। ਅਸੂਲ ਦ੍ਰਿੜਾਂਦੇ ਹੋਏ ਕਿਹਾ :

ਗਬਰ ਗ਼ਰੀਬ ਦੋਨਹੁ ਕੀ ਰੋਟੀ,
ਰਿਦ ਮਹਿ ਜਾਨੀ ਹੈ ਯਹ ਖੋਟੀ।

ਇਸੇ ਤਰ੍ਹਾਂ ਇਕ ਹੋਰ ਪੁਰਸ਼ ਪ੍ਰਸ਼ਾਦ ਲਿਆਇਆ ਤੇ ਕਈਆਂ ਹੋਰਨਾਂ ਨੂੰ ਕੋਲ ਬੈਠਾ ਦੇਖ ਕੇ ਉਸ ਨੇ ਪ੍ਰਸ਼ਾਦ ਛੁਪਾ ਲਿਆ। ਜਦ ਸਾਰੇ ਚਲੇ ਗਏ ਤਾਂ ਪ੍ਰਸ਼ਾਦ ਭੇਟ ਕੀਤਾ। ਆਪ ਜੀ ਨੇ ਪ੍ਰਸ਼ਾਦ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਫ਼ਰਮਾਇਆ : ''ਜਿਤਨੇ ਮੂੰਹਾਂ ਵਿਚ ਪੈਂਦਾ ਉਤਨਾ ਹੀ ਤੇਰਾ ਭਲਾ ਹੁੰਦਾ। ਐਸੀ ਤੰਗ-ਬਿਰਤੀ ਵਾਲੇ ਦਾ ਪ੍ਰਸ਼ਾਦ ਤਾਂ ਹੋਰ ਤੰਗੀ ਪੈਦਾ ਕਰਦਾ ਹੈ :

ਜਬ ਇਹ ਹੋਵਤੁ ਭਲਾ ਪ੍ਰਸ਼ਾਦ॥
ਤਬ ਹਮ ਸਭ ਮਿਲ ਲੋਵਤ ਸੁਆਦ॥

ਸਾਰਿਆਂ ਨੂੰ ਕਿਹਾ ਕਰਦੇ ਕਿ 'ਤਨ, ਮਨ, ਧਨ' ਨਾਲ ਸਿਮਰਨ ਕਰਨਾ ਹੀ ਸਿੱਖੀ ਹੈ। ਇਸ ਦੀ ਵਿਆਖਿਆ ਕਰਦੇ ਕਹਿੰਦੇ ਹਨ ਕਿ ਤਨ ਦਾ ਸਿਮਰਨ ਹੈ, ਸੰਗਤ ਵਿਚ ਪੁੱਜ ਕੇ ਕੀਰਤਨ ਸੁਣਾਉਣਾ, ਸੁਣਨਾ, ਇੰਦਰੀ ਵਸ ਕਰਨਾ, ਕਾਮਾਦਿਕ ਨੂੰ ਰੋਕਣਾ, ਸੰਜਮ ਵਿੱਚ ਵਿਚਰਨਾ। ਸੁਆਦਾਂ ਪਿੱਛੇ ਨਾ ਜਾਣਾ :

ਧਨ ਜੋ ਕਮਾਏ, ਜਹਿਆ ਆਪਣੇ ਲਈ ਵਰਤੇ, ਤਿਹਾ ਦੂਜੇ ਲਈ ਵਰਤੇ:

ਭਗਵਤ ਅਰਥ ਉਝਾਰੈ ਧਨਾ।
ਕਿਆ ਪਰ ਕਾ ਕਿਆ ਅਪਨਾ ਤਨਾ।


ਮਨ ਦਾ ਸਿਮਰਨ ਹੈ 'ਜੇ ਤਨ ਰੁਕੇ ਵੀ ਤਾਂ ਉਸ ਨੂੰ ਰੁਕਣ ਨਾ ਦੇਵੇ। ਮਨ ਨੂੰ ਤਕੜਿਆਂ ਕਰ ਕੇ ਤਨ ਨੂੰ ਵਾਹਿਗੁਰੂ ਵੱਲ ਲਗਾਵੇ। ਜਿਵੇਂ ਜੰਗ ਵਿਚ ਜੂਝਣ ਸਮੇਂ ਜੋਧਾ ਸਿਰਫ਼ ਲੜਨ-ਭਿੜਨ ਦੀ ਸੋਚਦਾ ਹੈ। ਉਹ ਚੂਕਿਆ ਨਹੀਂ ਤੇ ਮਰਿਆ ਨਹੀਂ। ਇਸੇ ਤਰ੍ਹਾਂ ਮਨ ਨੂੰ ਪਰਮਾਤਮਾ ਵਲੋਂ ਚੁੱਕਣ ਨਾ ਦੇਵੇ। ਦਿਲ ਦੀ ਕਿਤਾਬ ਉੱਤੇ ਹੋਰ ਦੂਜਾ ਹਰਫ਼ ਲਿਖਣ ਨਾ ਦੇਵੇ। ਬਸ, ਸਫ਼ਲ ਪੁਰਖ ਉਹ ਹੀ ਹੈ ਜਿਸ ਤਨ, ਮਨ ਤੇ ਧਨ ਦਾ ਸਿਮਰਨ ਕੀਤਾ ਹੈ।

ਜੈਸੀ ਉਪਜੀ ਸੀ ਪੇੜ ਤੇ ਤੈਸੀ ਹੀ ਤੋੜ ਭਾਈ ਕਨ੍ਹਈਆ ਜੀ ਨਿਭਾ ਕੇ ਚਲੇ ਗਏ। ਇਹ ਸੱਚ ਹੈ ਕਿ ਕਈ ਰਤਨ ਕ੍ਰੋੜ ਵੀ ਉਹਨਾਂ ਦੀ ਕਰਣੀ ਤੇ ਕਹਿਣੀ ਦਾ ਟਾਕਰਾ ਨਹੀਂ ਕਰ ਸਕਦੇ। ਉਹਨਾਂ ਦੇ ਸੁਆਸ ਵੀ ਕੀਰਤਨ ਸੁਣਦਿਆਂ ਹੀ ਸੰਗਤ ਵਿਚ ਨਿਕਲੇ। ਅੰਤਮ ਸਮਾਂ ਨੇੜੇ ਜਾਣ, ਵਾਹਿਗੁਰੂ ਦੀਆਂ ਜਾਂ ਮਰਨ ਦੀਆਂ ਹੀ ਗੱਲਾਂ ਕਰਦੇ। ਆਪ ਜੀ ਕੀਰਤਨ ਵਿਚ ਜੁੱਟੇ ਹੋਏ ਸਨ। ਰਬਾਬੀ ਕੀਰਤਨ ਕਰ ਰਹੇ ਸਨ। ਸੰਗਤ ਦਾ ਇਹ ਨਿੱਤ ਕਰਮ ਸੀ ਕਿ ਕੀਰਤਨ ਉਸ ਵੇਲੇ ਬੰਦ ਹੁੰਦਾ, ਜਦ ਆਪ ਜੀ ਇਸ਼ਾਰਾ ਕਰਦੇ। ਹਮੇਸ਼ਾ ਸੂਰਜ ਦੇ ਨਿਕਲਦੇ ਸਾਰ ਹੀ ਕੀਰਤਨ ਦੀ ਸਮਾਪਤੀ ਕਰਾ ਦਿੰਦੇ ਪਰ ਅੰਤਲੇ ਦਿਨ ਆਪ ਜੀ ਥੰਮ੍ਹ ਨਾਲ ਢੋ ਲਗਾ ਕੇ ਬੈਠ ਗਏ। ਕੀਰਤਨ ਸ਼ੁਰੂ ਹੋਇਆ। ਸੂਰਜ ਵੀ ਚੜ੍ਹ ਆਇਆ ਪਰ ਆਪ ਜੀ ਵਲੋਂ ਕੋਈ ਇਸ਼ਾਰਾ ਨਾ ਹੋਇਆ। ਜਦ ਕਿਸੇ ਆ ਕੇ ਹਿਲਾਇਆ ਤਾਂ ਭਾਈ ਜੀ ਦੀ ਆਤਮਾ ਪਰਮ-ਆਤਮਾ ਵਿਚ ਲੀਨ ਹੋ ਚੁੱਕੀ ਸੀ। ਆਪ ਜੀ ਦੀ ਇੱਛਾ ਅਨੁਸਾਰ ਹੀ ਆਪ ਜੀ ਦੀ ਪਾਵਨ ਮ੍ਰਿਤਕ ਦੇਹੀ ਨੂੰ ਜਲ-ਪ੍ਰਵਾਹ ਕੀਤਾ ਗਿਆ। ਭਾਈ ਸੇਵਾ ਰਾਮ ਜਦ ਆਪ ਜੀ ਦੇ ਅਕਾਲ ਚਲਾਣੇ ਦਾ ਪਤਾ ਲੱਗਾ ਤਾਂ ਆਪ ਜੀ ਨੇ ਤੂੰਬਾ ਫੜ ਕੇ ਇਹ ਸ਼ਬਦ ਪੜ੍ਹਿਆ:

ਸੇਵਕ ਕੀ ਓੜਕ ਨਿਬਹੀ ਪ੍ਰੀਤ॥
ਜੀਵਤ ਸਾਹਿਬ ਸੇਵਿਓ ਆਪਣਾ, ਚਲਤੇ ਰਾਖਿਓ ਚੀਤ॥

.................................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਇਹ ਵਾਧੂ ਤੇ ਝੂਠਾ ਰੌਲਾ ਸੀ। ਇਹ ਗੱਲ ਆਖੀ ਦਿਆਲ ਸਿੰਘ ਫਗਵਾੜਾ ਨੂੰ ਗਈ। ਜਦੋਂ ਕਿ ਦਿਆਲ ਸਿੰਘ ਗੁਰੂ ਘਰ ਦੇ ਕਾਰਜ ਕਰਦਾ ਹੀ ਡੇਢ ਲੱਖ ਦਾ ਕਰਜ਼ਾਈ ਹੋ ਗਿਆ ਹੈ। ਵਿਹਾਰ ਵੱਲ ਲੁੜੀਂਦਾ ਧਿਆਨ ਨਹੀਂ ਜਾਂਦਾ। ਦਿਆਲ ਸਿੰਘ ਬੜਾ ਨਿਰਾਸ ਸੀ। ਮੈਂ ਸੱਚੇ ਪਾਤਸ਼ਾਹ ਜੀ ਨੂੰ ਸਾਰੀ ਵਿਥਿਆ ਦੱਸੀ। ਇਹ ਵੀ ਕਿਹਾ ਕਿ ਮੈਂ ਆਪ ਜੀ ਤੋਂ ਪੈਸੇ ਇਸ ਲਈ ਨਾ ਮੰਗੇ ਕਿ ਆਪ ਜੀ ਪਾਸੋਂ ਹਰ ਕੋਈ ਹੀ ਮੰਗਦਾ ਹੈ ਅਤੇ ਪੈਸਿਆਂ ਦੀ ਲੱਗੀ ਰਹਿੰਦੀ ਹੈ। ਅਸੀਂ ਮੰਗ ਕੇ ਪੈਸੇ ਲਿਆਂਦੇ ਸਨ ਸਤਨਾਮ ਸਿੰਘ ਫੇਰ ਵੀ ਤੁਹਮਤਾਂ ਲਾ ਰਿਹਾ ਹੈ। ਸਾਨੂੰ ਛੁੱਟੀ ਦੇਣ ਦੀ ਕਿਰਪਾ ਕਰੋ, ਏਸ ਆਲੇ ਦੁਆਲੇ ਵਿੱਚ ਚੱਲਿਆ ਨਹੀਂ ਜਾਣਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ : ਮੈਂ ਵੀ ਤਾਂ ਹਾਂ ਜੋ ਸਾਰੇ ਇਹੋ ਜਿਹਿਆਂ ਨਾਲ ਹੀ ਕੱਟਦਾ ਹਾਂ। ਤੁਸੀਂ ਸਿਆਣੇ ਹੋ, ਧੀਰੇ ਹੋਵੋ ਤੇ ਮੇਰੇ ਵੱਲ ਵੇਖੋ।

**ਦੁਖੀਆਂ ਦਾ ਪ੍ਰਣ –** ਤਰਸੇਮ ਸਿੰਘ ਨੈ ਮੈਨੂੰ ਦੱਸਿਆ ਕਿ ਸੱਚੇ ਪਾਤਸ਼ਾਹ ਜੀ ਦਾ ਬਚਨ ਸੁਣ ਕੇ ਉਸਨੇ ਅਤੇ ਦਿਆਲ ਸਿੰਘ ਨੇ ਇਹ ਪ੍ਰਣ ਕੀਤਾ ਹੈ ਕਿ ਜਦ ਤੱਕ ਹੋ ਸਕੇਗੀ ਇਸ ਕਸੂਤੇ ਆਲੇ ਦੁਆਲੇ ਵਿੱਚ ਵੀ ਸੇਵਾ ਕਰਾਂਗੇ। ਬੇ–ਸ਼ਕਾਇਤ ਸਮਾਂ ਦਿਆਂਗੇ।

**ਬਚਨ ਪਿਆਰਾਂ ਦੇ –** ਤਰਸੇਮ ਸਿੰਘ ਨੇ ਕਿਹਾ : ਮੈਂ ਦੀਨ ਦਿਆਲ ਜੀ ਨੂੰ ਬੇਨਤੀ ਕੀਤੀ ਕਿ ਡਾ. ਮੂਸਾ ਨੇ ਹੁਣ ਛੁੱਟੀ ਦੇ ਦਿੱਤੀ ਹੈ, ਆਪ ਜੀ ਪਰਸੋਂ ਹਵਾਈ ਜਹਾਜ਼ ਦੁਆਰਾ ਭੈਣੀ ਸਾਹਿਬ ਚਲੇ ਚੱਲੋ। ਸਤਿਗੁਰਾਂ ਬਚਨ ਕੀਤਾ : ਨਾ, ਜਹਾਜ਼ ਤੇ ਨਹੀਂ ਕਾਰਾਂ ਤੇ ਚੱਲਾਂਗੇ। ਮੈਂ ਸੁਰਿੰਦਰ (ਮਨਚੰਦਾ) ਨਾਲ ਬਚਨ ਕੀਤਾ ਹੋਇਆ ਹੈ ਕਿ ਜੇ ਉਹ ਜਹਾਜ਼ ਤੇ ਨਾਲ ਹੋਵੇਗਾ ਤਾਂ ਹੀ ਜਹਾਜ਼ ਦਾ ਸਫ਼ਰ ਕਰਾਂਗਾ, ਨਹੀਂ ਤਾਂ, ਨਹੀਂ। ਸੁਭਾਵਕ ਹੀ ਮੈਂ ਸੁਰਿੰਦਰ ਸਿੰਘ ਨੂੰ ਬੈਂਕੋਕ ਗਿਆਂ ਇਹ ਪ੍ਰੋਗਰਾਮ ਪੁੱਛ ਕੇ ਬਣਾਇਆ ਸੀ, ਕੱਲ੍ਹ ਉਸਨੇ ਆ ਜਾਣਾ ਹੈ ਅਤੇ ਪਰਸੋਂ ਉਹ ਨਾਲ ਹੀ ਜਹਾਜ਼ ਤੇ ਜਾਵੇਗਾ। ਇਹ ਜਾਣ ਕੇ ਸੱਚੇ ਪਾਤਸ਼ਾਹ ਜੀ ਨੂੰ ਪ੍ਰਸੰਨਤਾ ਅਤੇ ਤਸੱਲੀ ਹੋਈ।

**ਪਹੁੰਚ ਪਿਆਰਾਂ ਦੀ –** ਮੈਨੂੰ ਪ੍ਰਤੀਤ ਹੋ ਰਿਹਾ ਸੀ ਕਿ ਅੱਜ ਘਰ ਜਾ ਕੇ, ਵੇਲੇ ਸਿਰ ਪ੍ਰਸ਼ਾਦ ਨਹੀਂ ਛਕ ਸਕਾਂਗਾ। ਮੇਰੀ ਸਹਾਇਤਾ ਲਈ ਸਕੱਤਰ ਸਾਹਿਬ ਨੇ ਮੈਨੂੰ ਆਪਣੇ ਬੈਗ ’ਚੋਂ ਤਿਲ ਕੁਟੀ ਕੱਢ ਕੇ ਦੇ ਦਿੱਤੀ। ਮੈਂ ਬਿਸਤਰ ਵਿੱਚ ਬੈਠਾ ਗੋਡੇ ਢਕੀ ਤਿਲ ਕੁਟੀ ਨੂੰ ਚੱਕ ਮਾਰਦਾ ਹੀ ਪਿਆ ਸਾਂ ਕਿ ਸਤਿਗੁਰੂ ਜੀ ਸਫੈਦ ਕੰਬਲ ਦੀ ਬੁੱਕਲ ਮਾਰੀ ਸਲੀਪਰ ਪਹਿਨੀਂ ਅਚਾਨਕ ਅੰਦਰ ਆ ਗਏ। ਇਸ ਤੋਂ ਪਹਿਲਾਂ ਕਿ ਮੈਂ ਸਤਿਕਾਰ ਲਈ ਬਿਸਤਰ ਚੋਂ ਉੱਠਦਾ, ਸਤਿਗੁਰੂ ਜੀ ਬਚਨ ਕੀਤਾ : ਕੋਈ ਗੱਲ ਨਹੀਂ ਛਕੀ ਜਾਓ। ਮੈਂ ਨਮਸਕਾਰ ਪਰਵਾਨ ਕਰ ਲੈਂਦਾ ਹਾਂ ਅਤੇ ਆਪ ਜੀ ਨੇ ਸਲੀਪਰ ਸਮੇਤ ਸੱਜਾ ਚਰਨ ਉੱਚਾ ਕੀਤਾ। ਮੈਂ ਬੈਠੇ ਬਿਠਾਏ ਸਿਰ ਝੁਕਾਇਆ, ਪਰ ਮੈਂ ਚਰਨ ਭੇਟ, ਪੰਜਾਂ ਦਾ ਨਵਾਂ ਨੋਟ ਏਨੀ ਜਲਦੀ ਜੇਬ ’ਚੋਂ ਕਿਵੇਂ ਕੱਢਾਂ। ਅਰਜ਼ ਕੀਤੀ : ਮੈਂ ਚਰਨ ਭੇਟ ਪੂਰਬਾ ਨੂੰ ਦੇ ਦਿਆਂਗਾ।

ਆਪ ਜੀ ਨੂੰ ਕਿਹੜੀ ਇਸਦੀ ਪਰਵਾਹ ਸੀ ਸਕੱਤਰ ਨੂੰ ਨਾਲ ਲੈ ਕੇ ਬਾਹਰ ਚਲੇ ਗਏ।

ਜਦੋਂ ਦੂਜੀ ਵਾਰ 2.30 ਵਜੇ ਮੈਨੂੰ ਝਲਕ ਮਿਲੀ ਤਾਂ ਸਤਿਗੁਰੂ ਜੀ ਇਸ਼ਨਾਨ ਕੀਤਾ, ਬਸਤਰ ਪਹਿਨੀਂ, ਹਸਤ ਕੰਵਲਾਂ ਵਿੱਚ ਮਾਲਾ ਲਈ, ਫੇਰਦੇ ਫੇਰਦੇ ਬਰਾਂਮਦੇ ਦਾ ਇੱਕ ਤਿਕੋਨ ਲੰਘਦੇ–ਲੰਘਦੇ ਨਾਮ ਸਿਮਰਨ ਕਰਦੇ ਟਹਿਲ ਰਹੇ ਸਨ। ਬਾਹਰ ਬਰਸਾਤ ਹੋ ਰਹੀ ਸੀ। ਮੈਂ ਕੋਲ ਦੀ ਲੰਘਦੇ ਉਤਲੇ ਹਾਲ ਵਿੱਚ ਝਾਤ ਮਾਰੀ ਤਾਂ ਕੁਛ ਸਿੰਘ ਫਰਸ਼ ਵਿਛੇ ਬਗੀਚੇ ’ਤੇ ਲੇਫ ਲਈ

ਖੁਰਾਟੇ ਮਾਰ ਰਹੇ ਸਨ। ਤਿੰਨ-ਚਾਰ ਅੰਗ ਰੱਖਿਅਕ ਮੂੰਗਫਲੀ ਅਤੇ ਰਿਉੜੀਆਂ ਦੇ ਆਹੂ ਲਾਹਣ ਨੂੰ ਟੱਕਰੇ ਹੋਏ ਸਨ। ਮੈਨੂੰ ਵੀ ਸੁਲਹ ਵੱਜ ਗਈ ਅਤੇ ਮੈਂ ਸਰਵ ਸ੍ਰੀ ਸੁਖਚੈਨ ਸਿੰਘ, ਪੂਰਨ ਸਿੰਘ, ਕਾਬਲ ਸਿੰਘ ਅਤੇ ਅਜੈਬ ਸਿੰਘ ਅੰਗ ਰੱਖਿਅਕਾਂ ਤੇ ਪੂਰਬਾ ਜੀ ਨਾਲ ਲੱਗ ਪਿਆ ਸਾਥ ਦੇਣ।

ਖੁੱਲ੍ਹੇ ਬੂਹੇ ਥਾਣੀਂ ਸਤਿਗੁਰੂ ਜੀ ਦੀ ਜਾਂਦੇ ਆਉਂਦਿਆਂ ਝਲਕ ਮਿਲਦੀ। ਮੈਨੂੰ ਸਾਡਾ ਇਸ ਤਰ੍ਹਾਂ ਬੈਠਕੇ ਖਾਣਾ ਜਚਦਾ ਨਹੀਂ ਸੀ ਪਿਆ। ਸਤਿਗੁਰਾਂ ਆਪ ਹੀ ਕਿਰਪਾ ਕੀਤੀ, ਅੰਦਰ ਦੀ ਜਾਣ ਬੂਹਾ ਭੇੜ ਦਿੱਤਾ। ਇਹ ਵੇਖ ਕੇ ਅਣਡਿਠ ਕਰਨਾ ਵੀ ਸੀ। ਪਰ ਬੂਹਾ ਭਿੜਨ ਤੋਂ ਅਸਾਂ ਤਸੱਲੀ ਨਾਲ ਲਿਫ਼ਾਫੇ ਖਾਲੀ ਕੀਤੇ।

ਫਿਰਦੇ ਤੁਰਦਿਆਂ 5 ਵੱਜ ਗਏ। ਹੁਣ ਹੇਠਲੇ ਹਾਲ ਵਿੱਚ ਸ੍ਰੀ ਸਤਿਗੁਰੂ ਜੀ ਦਾ ਆਸਣ ਵਿਛ ਗਿਆ ਤੇ ਇਹਦੇ ਸਾਹਵੇਂ ਕਲਾਕਾਰਾਂ ਲਈ ਵੱਖਰਾ ਬਸਤਰ, ਸਦਾ ਵਾਂਗ, ਵਿਛ ਗਿਆ। ਸਤਿਗੁਰੂ ਜੀ ਦੇ ਕਿਰਪਾ ਪਾਤਰ ਗੁਰਦੇਵ ਸਿੰਘ ਸਰੋਦ, ਹਰਭਜਨ ਸਿੰਘ ਸਿਤਾਰ ਦੀ ਜੋੜੀ ਆ ਗਈ। ਇਸ ਏਥੇ ਪਿਛਲੇ 10 ਕੁ ਦਿਨਾਂ ਤੋਂ ਨਿਰੰਤਰ, ਇਸ ਵੇਲੇ ਆ ਰਹੇ ਸਨ। ਮੈਨੂੰ ਪਤਾ ਲੱਗਿਆ ਕਿ ਇੱਕ ਦਿਨ ਏਥੇ ਦੋ ਢਾਈ ਘੰਟੇ ਦਾ ਸ੍ਰੀ ਸਤਿਗੁਰੂ ਜੀ ਦਾ ਵੀ ਸੀ। ਫਿਰ ਨਵੋਦਿਤ ਕਲਾਕਾਰ ਮੋਹਣ-ਸੁਖਦੇਵ ਸਿੰਘ ਵੀ ਗਾਉਂਦੇ ਰਹੇ। ਇੱਕ ਦਿਨ ਪੂਰਾ ਸਮਾਂ ਬਲਜੀਤ ਸਿੰਘ ਵੀ ਲਾਇਆ। ਇੱਕ ਸ਼ਾਮ ਮਧੂ ਮੋਦਗਿਲ ਜੀ ਦੇ ਜ਼ਿੰਮੇ ਵੀ ਸੀ। ਇੱਕ ਰਾਤੀਂ ਮਹਿੰਦਰ ਸ਼ਰਮਾ ਜੀ ਨੇ ਰੰਗ ਬੰਨ੍ਹਿਆ। ਅੱਜ ਰਾਜਨ-ਸਾਜਨ ਅਰਥਾਤ ਮਿਸ਼ਰਾ ਬੰਧੂਆਂ ਦੀ ਵਾਰੀ ਸੀ। ਇਸ ਸਭਾ ਵਿੱਚ ਸੰਗੀਤ-ਮੁਸ਼ਤਾਕ ਹਿੰਦੂ ਮੁਸਲਿਮ ਸਿੱਖ ਇਸਾਈ ਹਰ ਤਰ੍ਹਾਂ ਦੇ ਲੋਕ ਬੈਠਦੇ ਹਨ। ਤਬਲਾ ਵਾਦਨ ਲਈ ਰੋਜ਼ਾਨਾ ਜਨਾਬ ਫੈਬਾਜ਼ ਖਾਂ ਅਤੇ ਪੇਟੀ ਮਾਸਟਰੀ ਲਈ ਸ੍ਰੀ ਮਹਿਮੂਦ ਧੌਲਪੁਰੀ ਹਾਜ਼ਰ ਹੁੰਦੇ ਸਨ।

15-20 ਮਿੰਟ ਬਾਅਦ ਸ੍ਰੀ ਸਤਿਗੁਰੂ ਜੀ ਆ ਕੇ ਆਸਣ ’ਤੇ ਵਿਰਾਜਮਾਨ ਹੋਏ ਤਾਂ ਜਿਵੇਂ ਆਪ ਜੀ ਦੇ ਨਾਲ ਹੀ ਰੌਣਕ ਅੰਦਰ ਆ ਗਈ। ਹਾਲ ਭਰਪੂਰ ਹੋ ਗਿਆ। ਹੇਠ ਲਿਖਿਆਂ ਦੇ ਨਾਮ ਮੈਂ ਜਾਣਦਾ ਹਾਂ :

ਠਾਕੁਰ ਉਦੈ ਸਿੰਘ ਜੀ, ਸੰਤ ਤਰਸੇਮ ਸਿੰਘ, ਸੰਤ ਮਹਿੰਦਰ ਸਿੰਘ ਪੂਰਬਾ, ਸੰਤ ਬਲਦੇਵ ਸਿੰਘ, ਸੰਤ ਸੁਖਚੈਨ ਸਿੰਘ ਭੂੰਤਰ (ਸਾਰਾ ਹਜ਼ੂਰੀ ਜਥਾ) ਕਲਾਕਾਰ ਗਰੁੱਪ ਬਲਜੀਤ ਸਿੰਘ, ਮੋਹਣ ਸਿੰਘ-ਸੁਖਦੇਵ ਸਿੰਘ, ਮਹਿੰਗਾ ਸਿੰਘ, ਜਤਿੰਦਰ ਪਾਲ ਸਿੰਘ ਲਾਡੀ। ਸਰੋਤੇ ਸ. ਮਹਿੰਦਰ ਸਿੰਘ ਬੱਲ ਨਕੌੜਾ, ਸ. ਹਰਨਾਮ ਸਿੰਘ ਹਰਟੀਕਲਚਰ ਇੰਸਪੈਕਟਰ, ਸ. ਕੇਹਰ ਸਿੰਘ ਹਮਰਾਹੀ, ਸ. ਗੁਰਬਚਨ ਸਿੰਘ ਪਠਾਨਕੋਟ, ਸ. ਗੁਰਮੁਖ ਸਿੰਘ ਦੁਰਗਾਪੁਰੀਆ, ਸੰਤ ਬਲਕਾਰ ਸਿੰਘ 8 ਐਨ. ਐਨ. ਸ. ਮੰਦਰ ਸਿੰਘ ਸਪੁਤੱਰ ਸ. ਗੁਰਦਿਆਲ ਸਿੰਘ ਕਰੈਸ਼ੀਆਂ (ਗੰਗਾ ਨਗਰ), 5-6 ਸਰੀਰ ਮਿਸ਼ਰਾ ਬੰਧੂਆਂ ਦੇ ਪ੍ਰੇਮੀ, ਸ੍ਰੀ ਘਾਸੀ ਰਾਮ ਚਾਂਦਨੀ ਚੌਕ, ਗਾਇਕ ਸ੍ਰੀ ਮਧੂ ਮੋਦਗਿਲ, ਗਾਇਕ ਸ੍ਰੀ, ਮਹਿੰਦਰ ਸ਼ਰਮਾ ਸ਼ਾਗਿਰਦ ਉਸਤਾਦ ਆਮੀਰ ਖਾਂ। ਸਿੰਘ ਬੰਧੂ ਵੀ ਉਸਤਾਦ ਆਮੀਰ ਖਾਂ ਸਾਹਿਬ ਦੇ ਸ਼ਾਗਿਰਦ ਹਨ।

ਸ੍ਰੀ ਸਤਿਗੁਰੂ ਜੀ ਨੇ ਮੇਰੇ ਨਾਲ ਜ਼ਿਕਰ ਕੀਤਾ : ਕੱਲ੍ਹ ਸਿੰਘ ਬੰਧੂਆਂ ਨੇ ਪਹਿਲਾਂ ਤਾਂ ਮਧੂਵੰਤੀ ਵਿੱਚ ਆਨੰਦਿਤ ਕੀਤਾ, ਫੇਰ ਕਲਾਵਤੀ ਗਾਏ। ਕਲਾਵਤੀ ਦੀ ਬੰਦਸ਼ ਨਾਲ ਮੈਂ ਇੱਕ ਸ਼ਬਦ ਸਹਿਜ ਭਾ ਹੀ ਜਪੜ ਦਿੱਤਾ ਅਤੇ ਉਨ੍ਹਾਂ ਨੂੰ ਕਿਹਾ ਕਿ ਏਹ ਸ਼ਬਦ ਇਹਨਾਂ ਸੁਰਾਂ ਤੇ ਗਾ ਕੇ ਵੇਖਣ।

**ਕਿਸ਼ਨ ਮਹਾਰਜ ਦੀ ਆਮਦ –** ਮਿਸਰਾ ਬੰਧੂਆਂ ਦੇ ਆਉਂਦਿਆਂ 6 ਵੱਜ ਗਏ। ਇਸ ਤੋਂ ਪਹਿਲੋਂ 15 ਮਿੰਟ ਲਈ ਮਹਿਮੂਦ ਧੌਲਪੁਰੀ ਦੇ ਨਗ਼ਮੇ ਤੇ ਸ੍ਰੀ ਫੈਬਾਜ਼ ਖਾਂ ਨੇ ਇਕਤਾਲੇ ਵਿੱਚ ਤਬਲਾ ਵਾਦਨ ਪ੍ਰਭਾਵ ਪੂਰਨ ਢੰਗ ਨਾਲ ਕੀਤਾ। ਦੋ ਮਿੰਟ ਬਾਅਦ ਹੀ ਪੰ. ਕਿਸ਼ਨ ਮਹਾਰਾਜ ਬਨਾਰਸੀ ਆ ਗਏ। ਸ੍ਰੀ ਸਤਿਗੁਰੂ ਜੀ ਨੇ ਕਿਸ਼ਨ ਮਹਾਰਾਜ ਜੀ ਨੂੰ ਵਿਸ਼ੇਸ਼ ਕਰ ਬੁਲਾਇਆ ਸੀ, ਦੋ ਹਿੰਦੀ ਜਵਾਨ ਸ਼ਾਗਿਰਦ ਬੈਠਾਣ ਲਈ। ਲਾਲ ਤਿਲਕ ਧਾਰੀ ਪੰ. ਕਿਸ਼ਨ ਮਹਾਰਾਜ ਨੇ ਬੜੀ ਚਤੁਰਤਾ ਪੂਰਨ ਇੱਕ ਜੀਵੰਤ ਚੁਟਕਲਾ ਸੁਣਾ ਦਿੱਤਾ : ਗੁਰੂ ਮਹਾਰਾਜ ਜੀ ਮੈਂ ਭੀ ਪੀਛੇ ਕੁਛ ਢੀਲਾ ਰਹਾ, ਸੀਨੇ ਮੇ ਦਰਦ ਹੋ ਰਹੀ ਥੀ। ਫ਼ਿਕਰ ਹੋ ਗਇਆ ਕਹੀਂ ਕੁਛ ਹਾਰਟ ਵਾਰਟ ਕੀ ਤਕਲੀਫ਼ ਨਾ ਹੋ ਗਈ ਹੋ। ਵਲਾਇਤ ਖਾਂ ਸਾਹਿਬ ਵਲਾਇਤ ਮੇਂ ਹਾਰਟ ਕਾ ਉਪਰੇਸ਼ਨ ਕਰਵਾਨੇ ਗਏ ਹੁਏ ਹੈਂ। ਰਵੀ ਸ਼ੰਕਰ ਅਮੇਰਿਕਾ ਮੇਂ ਦਿਲ ਦਾ ਇਲਾਜ ਕਰਵਾਨੇ ਬੈਠਾ ਹੂਆ ਹੈ, ਤੋ ਮੈਂ ਹੀ ਕਿਉਂ ਪੀਛੇ ਰਹੂੰ। ਜਬ ਉਨ ਕੇ ਸਾਥ ਮੈਂ ਤਬਲੇ ਮੇ ਸਾਥ ਦੀਆ ਕਰਤਾ ਥਾ ਤੋ ਅਬ ਕਿਉਂ ਨ ਦੂੰ। ਸੋ ਮੈਂਨੇ ਅਪਨੇ ਹੀ ਦੇਸ਼ ਕੇ ਏਕ ਹਸਪਤਾਲ ਮੇਂ ਜਾ ਕਰ ਦਿਲ ਪੇਸ਼ ਕੀਆ ਦਿਖਾਨੇ ਕੋ। ਅੱਛਾ ਹੂਆ ਮੁਝੇ ਕੁਛ ਖ਼ਾਸ ਤਕਲੀਫ ਨਾ ਨਿਕਲੀ।

ਅਤੇ ਹਾਸਾ ਮੱਚ ਗਿਆ।

ਫਿਰ ਗੁਰੂ ਮਹਾਰਾਜ ਜੀ ਵਲੋਂ ਉਨ੍ਹਾਂ ਨੂੰ ਤਬਲਾ ਵਜਾਉਣ ਲਈ ਇਸ਼ਾਰਾ ਹੋਇਆ ਅਤੇ ਕਿਸ਼ਨ ਮਹਾਰਾਜ ਬੋਲੇ:

ਯਹਿ ਤੋ ਅਹਿਸਾਸ ਕੀਆ ਮਹਾਰਾਜ। ਮੇਰਾ ਦਿਲ ਭੀ ਬਜਾਨੇ ਕੋ ਚਾਹਤਾ ਥਾ। ਪਰ ਆਪ ਨੇ ਤੋ ਯਹਾਂ ਫੈਬਾਜ਼ ਖਾਂ ਬੁਲਾ ਰਖੇ ਹੈਂ। ਫੈਬਾਜ਼ ਖਾਂ ਉੱਠ ਕੇ ਦੂਜੀ ਜਗਹ ਜਾ ਬੈਠੇ। ਪਹਿਲੇ ਤਾਂ ਫੈਬਾਜ਼ ਖਾਂ ਸਾਹਿਬ ਦੇ ਪੁੜੇ ਨੂੰ ਹੀ ਪਸੰਦ ਕੀਤਾ ਗਿਆ ਫਿਰ ਆਪਣੀ ਹੀ ਜੋੜੀ ਲੈ ਲਈ ਗਈ। ਗੋਡਣੀ ਮਾਰੀ ਤੇ ਕਿਸ਼ਨ ਮਹਾਰਾਜ ਵਜਾਣ ਲਈ ਤਿਆਰ ਹੋ ਗਏ।

**ਮਿਸ਼ਰਾ ਬੰਧੂ ਮੋਹ ਗਏ –** ਚਮਕਦੇ ਚਿਹਰਿਆਂ, ਚੌੜੀਆਂ ਛਾਤੀਆਂ ਤੇ ਰੱਜੇ ਰੱਜੇ ਮੂੰਹਾਂ ਵਾਲੇ ਰਾਜਨ-ਸਾਜਨ ਮਿਸ਼ਰਾ ਬਨਾਰਸੀ ਠਾਠ ਦੇ ਕਲਾਕਾਰਨਾ ਵਸਤਰ ਪਹਿਨ ਕੇ ਆਏ ਸਨ। ਪਹਿਰਾਵੇ ਅਤੇ ਦਿੱਖ ਦਾ ਕਲਾਕਾਰ ਦੇ ਗੁਣ 'ਤੇ ਵੀ ਪ੍ਰਭਾਵ ਪੈਂਦਾ ਹੈ। ਮਿਸ਼ਰਾ ਭਰਾਵਾਂ ਦੀ ਜੋੜੀ ਸੋਹਣੀ ਲੱਗ ਰਹੀ ਸੀ। ਉਹਨਾਂ ਪੂਰੀਆ ਧਨਾਸਰੀ ਦੀਆਂ ਸੁਰਾਂ ਛੇੜ ਮਾਖਿਓਂ ਦਾ ਜਿਵੇਂ ਝਰਨਾ ਹੀ ਵਗਾ ਦਿੱਤਾ। ਵਿਲੰਬਤ ਦੇ ਬੋਲ ਸਨ :

ਧਿਆਨ ਧਰਤ ਹੂੰ ਨਿਸ ਦਿਨ ਤੁਮਰੋ।

ਅਤੇ ਦਰੁੱਤ ਦੇ ਬੋਲ : 'ਪਾਇਲ ਕੀ ਝਨਕਾਰ ਮੋਹੀ।' ਸਾਰਿਆਂ ਸਰੋਤਿਆਂ ਧਿਆਨ ਕੇਂਦਰਤ ਹੋ ਅਜੋਕੇ ਸਥਾਪਤ ਕਲਾਕਾਰਾਂ ਨੂੰ ਸੁਣਿਆ ਵੀਹਾਂ ਪੁੱਜ ਗਈਆਂ ਸੁਰ ਸੁਆਦ ਦੀਆਂ। ਸਤਿਗੁਰੂ ਜੀ ਆਪਣੇ ਮਨਪਸੰਦ ਗਵੱਈਆਂ ਦੀ ਸੁਰ ਗੰਗਾ ਵਿੱਚ ਰੱਜ-ਰੱਜ ਸ਼ਨਾਨ ਕਰਦੇ ਰਹੇ। ਓਧਰ ਕਿਸ਼ਨ ਮਹਾਰਾਜ ਨੇ ਵੀ ਬਨਾਰਸੀ ਗਤਾਂ ਦੀ ਬਾੜ੍ਹ ਲਿਆਂਦੀ ਹੋਈ ਸੀ।

ਪੂਰੀਆ ਧਨਾਸਰੀ ਦਾ ਅੰਤ ਹੋਇਆ ਤਾਂ ਸਤਿਗੁਰੂ ਜੀ ਵੱਲੋਂ ਫਰਮਾਇਸ਼ ਹੋਈ : ਬਸੰਤ! ਅਤੇ ਇੱਕੋ ਸੁਰ ਦੀ ਅਵਰੋਹੀ ਵਿੱਚ ਰਾਜ ਨੇ ਬਸੰਤ ਸਪੱਸ਼ਟ ਕਰ ਦਿੱਤੀ। ਫਿਰ ਬੋਲ ਗੂੰਜੇ :

ਫੁਲਵਾ ਸਬ ਫੂਲ ਰਹੇ ਬਨ ਮੇ
ਗੁਲਾਬ ਮੋਤੀਆਂ ............ ਭਮਰਾ ਗੂੰਜੇ ਕਲੀਅਨ ਕਲੀਅਨ
ਨਈ ਪੌਦਨ ਕੀ ਨਈ ਨਈ ਪਤੀਆਂ
ਰਿਤੂ ਬਸੰਤ ਆਈ ਸਦਾ ਰੰਗ ਨਿਰਪਤ ਬਗੀਅਨ।
ਦੂਜੀ ਬੰਦਸ਼ : ਸਰਸ ਰੰਗ ਫੂਲ ਰਹੇ ਬਗੀਅਨ ਫੁਲਵਾਰੀ ਆਲੀ।
ਰਿਤੂ ਬਸੰਤ ਆਇਓ ਬੋਲੇ ਕੋਇਲੀਆ
ਰਾਮਦਾਸ ਸਜਨ ਬਿਨ ਜੀਅਰਾ ਨਹੀਂ ਧਰਤ ਧਰਿ
ਆਵੋ ਹਰੀ .................. ਦਰਸ ਕੋ ਦਿਖਾਵੋ

**ਬੱਸ? ਬੱਸ! –** 6.45 ਸ਼ਾਮੀਂ ਇਹਨਾਂ ਦੀ ਗਾਇਨ ਸਮਾਪਤੀ ਹੋ ਗਈ। ਸਤਿਗੁਰੂ ਜੀ ਨੇ ਰਾਜਨ ਜੀ ਨੂੰ ਅਡਾਨੇ ਦੀ ਬਹਾਰ ਗਾਉਣ ਲਈ ਕਿਹਾ। ਅਤੇ ਫਿਰ ਕਲਾਕਾਰ ਨੇ ਟੱਪ-ਖਿਆਲ (ਅਰਥਾਤ ਟੱਪਾ ਅਤੇ ਖਿਆਲ) ਦਾ ਸੰਯੋਜਨ ਪੇਸ਼ ਕੀਤਾ:

ਚੰਪਾ ਚੰਬੇਲੀ ਨਰਗਸ ਫੂਲ ਰਹੇ.........

ਪੰਦਰਾਂ ਮਿੰਟ ਹੋਰ ਲੰਘ ਗਏ ਤਾਂ ਸਤਿਗੁਰੂ ਜੀ ਨੇ ਕਿਸ਼ਨ ਮਹਾਰਾਜ ਨੂੰ ਇਸ਼ਾਰੇ ਨਾਲ ਪੁੱਛਿਆ। ਜਵਾਬ ਆਇਆ : ਬੱਸ! ਸਤਿਗੁਰੂ ਜੀ ਇਹ ਕਰਵਾਣਾ ਹੀ ਚਾਹੁੰਦੇ ਸਨ। ਦੁੰਹ ਅੱਖਰਾਂ ਨੂੰ 'ਸਵਾਲੀਆ' ਅਤੇ 'ਹੈਰਾਨਗੀ' ਨੇ ਕਿੰਨਾ ਵੱਖ-ਵੱਖ ਕਰ ਦਿੱਤਾ ਸੀ।

ਇੱਕ ਮਿੰਟ ਖਾਮੋਸ਼ੀ ਛਾਈ ਰਹੀ। ਪੰ. ਕਿਸ਼ਨ ਮਹਾਰਾਜ ਨੇ ਇਸ ਨੂੰ ਤੋੜਿਆ : ਆਪ ਨੇ ਜਿਸ ਕੋ ਆਸ਼ੀਰਵਾਦ ਦੇ ਦੀਆ, ਉਸੇ ਹੀ ਸੁਰੀਲਾ ਕਰ ਦੀਆ। ਭਾਵ ਮਿਸ਼ਰਾ ਬੰਧੂਆਂ ਦੀ ਗਾਇਕੀ ਦੀ ਮਿੱਠਤ ਸਤਿਗੁਰੂ ਜੀ ਦੇ ਆਸ਼ੀਰਵਾਦ ਸਦਕਾ ਹੈ।

**ਕਿਸ਼ਨ ਮਹਾਰਾਜ ਨੂੰ ਦੋ ਨਵੇਂ ਸ਼ਾਗਿਰਦ –** ਸਤਿਗੁਰੂ ਜੀ ਨੇ ਪੰਡਿਤ ਜੀ ਨੂੰ ਦੋ ਨਵੇਂ, ਹਿੰਦੂ ਬੱਚਿਆਂ ਨੂੰ ਬਤੌਰ ਸ਼ਾਗਿਰਦ ਅਪਣਾਣ ਲਈ ਆਖਿਆ। ਪੰਡਿਤ ਜੀ ਬੋਲੇ : (ਪੰਜਾਬੀ ਮੇਂ) ਸਤਿਗੁਰੂ ਜੀ, ਇੱਕ ਗੱਲ ਦਾ ਖਿਆਲ ਰੱਖਣਾ, ਮੈਨੂੰ ਉਹ ਸ਼ਿਸ਼ ਦਿਓ ਜੁ ਮੇਰੇ ਘਰ ਹੀ ਰਹਿ ਕੇ ਦੱਬ ਕੇ ਮਿਹਨਤ ਕਰਨ ਅਤੇ ਮੇਰਾ ਨਾਮ ਰੌਸ਼ਨ ਕਰਨ। ਅੱਗੇ ਆਪ ਜੀ ਨੇ ਪਿੰਕੀ ਨੂੰ ਜੁ ਮੇਰਾ ਸ਼ਾਗਿਰਦ ਬੈਠਾਇਆ ਹੈ, ਉਸਨੇ ਆਪਣੇ ਪ੍ਰੇਮ, ਵਿਵਹਾਰ ਅਤੇ ਅਭਿਆਸ ਨਾਲ ਮੈਨੂੰ ਜਿੱਤ ਲਿਆ ਹੈ। ਜਿੰਨਾ ਮੈਂ ਸਿਖਾਂਦਾ ਹਾਂ, ਓਨਾ ਹੀ ਗ੍ਰਹਿਣ ਕਰ ਲੈਂਦਾ ਹੈ। ਹੁਣ ਤਾਂ ਇਸਨੂੰ ਉਪਜ ਵੀ ਆਉਣ ਲੱਗ ਪਈ ਹੈ, ਥੋੜ੍ਹੀ ਥੋੜ੍ਹੀ।

**ਚਲਦਾ....**

# Hypertension, diabetes, stroke: they kill more people than infectious diseases and should get a Global Fund



**Kaushik Ramaiya**

Noncommunicable diseases such as diabetes, hypertension and cardiovascular conditions account for 41 million deaths each year. That's more than 70% of all deaths globally. Most of these deaths (77%) are in low-income and middle-income countries – including those in Africa.

These conditions are currently more prevalent than infectious diseases. Sixty-seven percent occur before the age of 40. Besides being the leading causes of death worldwide, noncommunicable diseases carry a huge cost to individuals. These also undermine workforce productivity and threaten economic prosperity.

Healthcare provision in much of Africa still relies on external donors. There's insufficient funding to help low-income and middle-income countries control noncommunicable diseases. Most development assistance for health funding provided by international donors is allocated for infectious diseases and maternal and child health. In 2019, funding for HIV amounted to US$9.5 billion. The amount allocated to noncommunicable diseases was US$0.7 billion.

Evidence suggests that addressing the noncommunicable disease pandemic can also mitigate other challenges like HIV, tuberculosis (TB), maternal and child health, and universal health coverage.

The Global Fund to Fight AIDS, TB and Malaria is an international partnership. The fund invests US$4 billion a year to fight these three diseases.

I believe it's now time to think of establishing a Global Fund for noncommunicable diseases, or expand the mandate of Global Fund beyond AIDS, TB and malaria. The epidemics of these conditions overlap. For example, research has shown that comorbidities such as diabetes and cancers are common in people living with HIV.

**Broadening healthcare provision**

Disease specific programmes have limitations. As public health practitioners we should learn from our mistakes. We must build integrated programmes and health systems that address the interlinkages and co-morbidities. One example would be to include diabetes screening in TB treatment programmes.

In addition to integration, noncommunicable diseases require increasing investments.

The Global Fund is seeking US$18 billion this year. At the same time The Lancet

NCD Countdown 2030 projects that interventions for noncommunicable diseases need US$18 billion a year. That's what it would take to meet the UN target of reducing noncommunicable diseases by a third by the year 2030.

I would argue that the case for investment in noncommunicable diseases has never been stronger.

**A roadmap**

The World Health Assembly recently approved the World Health Organization's roadmap for the prevention and control of noncommunicable diseases covering the period 2023-2030.

The roadmap recommends actions to:

- promote "best-buys" interventions with a high return for every dollar spent, such as smoking cessation programmes
- strengthen health systems
- reduce noncommunicable disease risk factors such as tobacco use and unhealthy diets
- embed noncommunicable diseases within primary healthcare and universal health coverage.

This roadmap needs to be followed in line with the commitments to reduce air pollution and promote mental health and well-being.

The lessons learned from the COVID-19 pandemic offer opportunities for strengthening emergency preparedness and responses beyond pandemics. Emergency risk management and continuity of essential health services for all hazards – addressing the foundational health system gaps – can improve health security.

**What should be done**

How should Africa respond to the increasing burden of noncommunicable diseases? There needs to be a strong political will and buy-in from governments, with strong multi-stakeholder participation.

The UN General Assembly decision on HIV and noncommunicable diseases commits governments to identify and address the comorbidities of HIV and other links to pressing global health challenges. These include links to noncommunicable diseases, learning from the perspectives of people living with these conditions and underscoring the importance of focusing on comorbidities.

The WHO's noncommunicable disease compact proposes concrete actions. These actions need to be data-driven and supported by noncommunicable disease-related indicators in health systems performance and access to healthcare metrics.

Monitoring systems need to be more diverse. The systems should capture and monitor progress made through sectors that affect health, such as housing and sanitation. Doing this would strengthen the monitoring of national systems and the capacity to address noncommunicable diseases comprehensively.

Health system strengthening and quality of care will improve significantly with additional resources for noncommunicable diseases through an entity like the Global Fund.

.........................................................



# Pelé: a global superstar and cultural icon who put passion at the heart of soccer

**Simon Chadwick**

Pelé, soccer's first global superstar, has died at the age of 82. To many fans, the Brazilian will be remembered as the best to have ever played the game.

For others it goes further: He was the symbol of soccer played with passion, gusto and a smile. Indeed, he helped to forge an image of the game, which even today lots of people continue to crave.

Pelé wasn't just a great player and a wonderful 'ambassador for the worlds favorite game; he was a cultural icon. Indeed, he remains the face of a purity in soccer that existed long before big money and global geopolitics infiltrated the game.

It is testament to his legend that everyone from English 1966 World Cup winner Sir Bobby Charlton and current French superstar Kylian Mbappé to Luiz Inácio Lula da Silva – the former and incoming president of Brazil – and former U.S. President Barack Obama have led tributes to him.

**Early days at Santos**

Pelé was born Edson Arantes do Nascimento in Sao Paulo state, Brazil in 1940. His early years were the same as many soccer players who preceded him and countless who then followed and were inspired by him: born into poverty, introduced to the game by a family member, later becoming obsessed by a sport that taught him about life and gave him opportunities.

Youth team football came first, in 1953, when he signed for his local club, Bauru. But it was his first professional club, Santos, that propelled Pelé toward stardom. Having moved there in 1956, he played 636 matches and scored 618 goals before leaving in 1974. Not just the beating heart of the team, Pelé was also an immense, one-club loyalist.

Long before the feats of modern-day stars Cristiano Ronaldo or Erling Haaland, Pelé blazed a goal-scoring trail that marked him out as being significantly different to other players around him. Similarly, he displayed levels of skill which even today mean that some observers of the game place the Brazilian ahead of the likes of other contenders for the title of Greatest of All Time: Lionel Messi and Diego Maradona.

Within a year of signing for Santos, Pelé made his debut for Brazil, three months short of his 17th birthday. He scored in that game against Argentina, and 65 years later he

remains the Brazilian national team's youngest-ever scorer.

A year later, in 1958, this young player helped his national team win the World Cup in Sweden. Then again in 1962, at the World Cup in Chile, and once more at the 1970 tournament in Mexico.

Ultimately, Pelé played 92 times for Brazil, scoring 77 goals. By comparison, England's Harry Kane has scored 53 times in 80 matches. In addition to his national team achievements, for his club Pelé won six Brazilian league titles and two South American championships.

**The American years**

Later, in 1975, he came out of semi-retirement to play for the New York Cosmos in the North American Soccer League. By then, Pelé was in his mid-30s but still managed to score 37 goals in 64 matches. Some believe that it was his brief stint playing in the United States that 'kick-started the countrys interest in football.

After his retirement, Pelé was venerated, adored and remained influential. He became 'FIFAs Player of the 20th century, an award he shared with Maradona. In 2014, he was given '''FIFAs first-ever Ballon dOr Prix dHonneur, and even Nelson Mandela spoke of his regard for the Brazilian when presenting him with a Laureus Lifetime Achievement Award, in 2000.

Pelé's talent has never been in doubt. Yet it was fortuitous that he played at a time when soccer was emerging from the shadows cast by global conflict, when the world needed symbols of hope and sporting heroes.



The Brazilian was able to serve this purpose, though he did so during a period when television – first black-and-white, then color – brought soccer directly into people's living rooms. At the time, Pelé was Messi, Ronaldo and Mbappé rolled into one – made globally consumable by this new technology.

Inevitably, during his life, Pelé encountered problems: his commercial activities were sometimes mired in controversy; at one stage he was labeled a left-wing antagonist of the Brazilian government, then was later described as being too conservative in his views of the Brazilian dictatorship. He had numerous children – some the result of affairs – and one of them, a son, Edinho, was sent to prison for laundering money made from drug deals.

However, the abiding memory is of a man who played soccer in a way that many of us – both amateurs and professionals – have all aspired to. Pelé was not only skillful, he also brought great joy to innumerable people across the world, over a period of decades. For all of us, even those with just the slightest interest in football, we will never forget him.

..................................................

# A Saga Of
# Sri Satguru Jagjit Singh Ji



**Dr. Sharada Jayagovind**

Mata ji led a very disciplined and austere life. Every day she would get up at three o'clock in the morning, take a head-to-toe bath and perform naam simran.

She performed yoga and was health conscious. She would take a walk around Ram Sarovar in the mornings.

Mata ji used to eat sparingly. Like Patsha ji, till 1991 she took only one meal a day. When Patsha ji started taking two meals a day as per the advice of the doctors, Mata ji too started having the second meal consisting of milk, vegetables and fruits.

Mata ji kept herself active throughout the day. She could perform non-stop seva for long hours. She would sit in the langar and supervise that everything went well. I was surprised to learn that Mata ji, at the age of eighty-five, used to personally attend to details of furnishing the newly-constructed residence of the Guru at Sri Bhaini Sahib.

She would take care of the needs of the Sikhs and the families living at Sri Bhaini Sahib. She would visit the goshala and could be seen milking the cows.

Once when Mata ji suffered from fever, the doctor advised her to take bed rest.

But Mata ji was seen working in the langar. When someone asked her why she was straining herself, Mata ji replied politely: "I remain fit if I perform seva."

Patsha ji said: "My wife does lot of seva but does not advertise it."

Sri Satguru Jagjit Singh ji was the sun and she was the moon whose life literally revolved around her husband, who was first her Guru. She, as a disciple and wife, received light from Him and reflected it on the community in the form of seva and compassion. The journey of this noble soul came to an end on 4th April, 2016 and the entire Namdhari sangat felt orphaned at her demise. When the soul bride meets the Lord husband, that is God, When the Ganges joins the Ocean, the story seems to end, Separateness is over, but the saga continues to flow as one.

**Glossary**

Abhaya hasta: The hand that protects

Ajaatashatru: The one without enemies

Akal Purakh: God, The Almighty

Akhand Paath: Uninterrupted reading of holy scriptures performed by a relay of readers

Akhand Varni: Uninterrupted repeated chanting of holy Naam

Amrit: Nectar of immortality, sweetened holy water used for baptising
Ardaas/Ardas: Formal supplication to God
Asa di Vaar: Morning congregational prayers
Ashram: A hermitage
Atithi devo bhava: The guest is equivalent to god
Avatar Purush: Holy incarnations like Lord Rama and Lord Krishna
Baani: The word of God - the works of the Gurus and other poets included in the Sikh scriptures
Baisakhi: Harvest festival in Punjab
Baithak: A meeting or a music session
Bandish: A composition in Hindustani vocal music
Basmati: Fragrant Indian rice
Beti: Daughter, a term of endearment
Bhakti: Devotion
Bhava: Emotion
Bhog: In Sikhism, it is used for observances that are fulfilled along with the reading of the concluding part of the Guru Granth Sahib Bikrmi Kattak Sudi
Ikadshi: The Bikrami calendar is named after king Vikramaditya and is lunar and solar. Kattak is mid October to mid November. Sudi means moonlit night; Ikadshi is the 11th day of each half of the month in the Vedic lunar calendar
Boondi: An Indian sweet made up of drops of deep friend chick pea flour and sugar syrup
Brahmopadesha: Initiating a male child with the sacred thread and the Gayatri mantra
Brindavan: A beautiful, pastoral land where Lord Krishna lived
Burfi: An Indian sweet made of milk and sugar
Chandi di Vaar: Chants in praise of Goddess Chandi composed by Guru Gobind ji
Charan: Holy feet of God or Satguru
Charpoy: Indian cot
Chor: A thief
Dal: Pulses or lentils
Darshan: A holy glimpse of God or Guru
Dasam Granth: The holy book written by the Tenth Guru, Guru Gobind Singh ji
Dastarbandi: The ritual of tying of the turban during the time when Satguru ascends the Gurgaddi or the throne in Namdhari Sikh religion
Daswand: One-tenth of one's earnings given in charity
Dera: A camp; dwelling place of a saint and his followers
Desi: Native
Dhamar: A song in Hindustani classical music set to Dhamar taal
Dhamaar: Folk songs

**To be continued......**

# ਕਾਵਿ - ਕਿਆਰੀ

## ਬਿਸ਼ਨ ਸਿੰਘ ਦੀ ਗਰਜ

**ਕਵੀ ਜੀਵਨ ਸਿੰਘ**

ਬਿਸ਼ਨ ਸਿੰਘ ਨੇ ਮੋੜ ਜਵਾਬ ਦਿੱਤਾ, ਮੈਨੂੰ ਪਰਖ ਕਸਵੱਟੀ 'ਤੇ ਲਾ ਵੇਖੋ।
ਸੀਖ ਵਾਂਗ ਅੰਗਿਆਰ ਦੇ ਲਾਲ ਕਰਕੇ, ਮੇਰੇ ਬਦਨ ਦੇ ਵਿੱਚ ਧਸਾ ਵੇਖੋ।
ਸੁੱਟ ਦਿਓ ਹਿਮਾਲਾ ਦੀਆਂ ਚੋਟੀਆਂ ਤੋਂ, ਮੈਨੂੰ ਸੂਲੀ ਦੇ ਉੱਤੇ ਚੜ੍ਹਾ ਵੇਖੋ।
ਮੇਰਾ ਸਿਦਕ ਅਡੋਲ ਨਹੀਂ ਡੋਲ ਸਕਦਾ, ਤੂੰਬੇ ਤੋਪ ਦੇ ਨਾਲ ਉਡਾ ਵੇਖੋ।
ਮੇਰੀ ਜਾਨ ਕਲਬੂਤ ਨੂੰ ਛੱਡ ਜਾਵੇ, ਜੋਤ ਜੋਤ ਦੇ ਵਿਚ ਵੀ ਲੈ ਹੋਵੇ।
ਰੋਮ ਰੋਮ 'ਚੋਂ ਇਹੋ ਅਵਾਜ਼ ਨਿਕਲੂ, ਭਾਰਤ ਮਾਤਾ ਤੇਰੀ ਸਦਾ ਜੈ ਹੋਵੇ।
ਸੂਰਜ ਚੰਨ ਕਿਰਨਾਂ ਤੇ ਫੁਹਾਰ ਕਣੀਆਂ, ਗਿਣੇ ਵਿਚ ਬਸੰਤ ਦੇ ਫੁੱਲ ਜਾਵਣ।
ਪਾਣੀ ਸਾਗਰਾਂ ਦੇ ਅਤੇ ਧਰਤ ਅੰਬਰ, ਚੜ੍ਹਕੇ ਤੱਕੜੀ ਦੇ ਉਤੇ ਤੁੱਲ ਜਾਵਣ।
ਲਛਮਣ ਜਤੀ ਤੇ ਸ਼ਿਵਜੀ ਅਵਧੂਤ ਵਰਗੇ, ਕਾਮ ਦੇਵ ਦੇ ਸਾਹਮਣੇ ਹੁੱਲ ਜਾਵਣ।
ਪਾਪੀ ਨਰਕੀ ਅਕ੍ਰਿਤਘਣ ਬੰਦਿਆਂ ਲਈ, ਬੂਹੇ ਸਦਾ ਸਵਰਗਾਂ ਦੇ ਖੁੱਲ ਜਾਵਣ।
ਪਿਤਾ ਪੁੱਤਰ ਲਈ ਜਮ ਦਾ ਰੂਪ ਬਣ ਜਏ, ਸੱਪ ਰੱਸੀ ਦਾ ਡੰਗ ਚਲਾ ਸਕਦਾ।
ਬੇਸ਼ੱਕ ਹੋਣ ਅਣਹੋਣੀਆਂ ਸਭ ਗੱਲਾਂ, ਬਿਸ਼ਨ ਸਿੰਘ ਨਹੀਂ ਧਰਮ ਡੁਲਾ ਸਕਦਾ।
ਤਪੇ ਬਰਫ਼ ਤੇ ਰੇਤ 'ਚੋਂ ਤੇਲ ਨਿਕਲੇ, ਸਾਗਰ ਕੁੱਜੇ ਦੇ ਵਿਚ ਸਮਾ ਜਾਵੇ।
ਸੂਰਜ ਠਰੇ ਤੇ ਅਮਰ ਫਲ ਜ਼ਹਿਰ ਹੋਵੇ, ਤੁੰਮਾ ਨਿੰਮ ਕੁੜੱਤ ਗਵਾ ਜਾਵੇ।
ਦਿਨੇ ਚੜ੍ਹਨ ਤਾਰੇ ਰਾਤ ਧੁੱਪ ਨਿਕਲੇ, ਵਹਿਣ ਨਦੀਆਂ ਦਾ ਮੂੰਹ ਭਵਾ ਜਾਵੇ।
ਚੰਦਨ ਬਾਂਸ ਤੇ ਦਹੀਂ ਕਪਾਸ ਹੋਵੇ, ਨਾਗ ਮਾਰ ਕੇ ਗਰੁੜ ਨੂੰ ਖਾ ਜਾਵੇ।
ਜਤੀ ਜਤ ਛੱਡੇ ਸਤੀ ਸਤ ਛੱਡੇ, ਤਮੋ ਗੁਣ ਅੰਦਰ ਵਿਸ਼ਨੂੰ ਆ ਸਕਦਾ।
'ਜੀਵਨ' ਹੋਣ ਅਣਹੋਣੀਆਂ ਸਭ ਗੱਲਾਂ, ਬਿਸ਼ਨ ਸਿੰਘ ਨਹੀਂ ਧਰਮ ਡੁਲਾ ਸਕਦਾ।

..............................................

## ਬੈਂਤ

ਕਰਮ ਚੱਕਰ ਦੇ ਗੇੜ ਨਾ ਬਣੇ ਕਿਸਮਤ, ਹੋਣਹਾਰ ਕਈ ਰੰਗ ਵਿਖਾਂਵਦੀ ਏ।
ਪਰਾਲਬਧ ਇਨਸਾਨ ਨੂੰ ਲਈ ਫਿਰਦੀ, ਕੁਝ ਆਪਣੀ ਪੇਸ਼ ਨਾ ਜਾਂਵਦੀ ਏ।
ਕਦੇ ਫਰਸ਼ ਉੱਤੇ ਕਦੀ ਅਰਸ਼ ਉੱਤੇ, ਕਦੀ ਵਿਚ ਪਤਾਲ ਧਸਾਂਵਦੀ ਏ।
ਕਦੇ ਲੱਖਾਂ ਦਾ ਦਾਨੀ ਬਣਾ ਦੇਵੇ, ਠੂਠਾ ਹੱਥ ਵਿਚ ਕਦੇ ਫੜਾਂਵਦੀ ਏ।
ਕਦੇ ਤੁਲਦਾ ਹੀਰਿਆਂ ਨਾਲ ਬੰਦਾ, ਕਦੇ ਕੌਡੀਆਂ ਮੁੱਲ ਪਵਾਂਵਦੀ ਏ।
ਕਦੇ ਦੇਵਤੇ ਮਗਰ ਚੁੜੇਲ ਲਾਵੇ, ਬਾਂਦਰ ਪਰੀ ਨੂੰ ਕਦੇ ਟਕਰਾਂਵਦੀ ਏ।
ਕਦੀ ਵਿੱਛੜੇ ਮੀਤ ਮਿਲਾ ਦੇਂਦੀ, ਕਦੇ ਮਿਲਦਿਆਂ ਨੂੰ ਜੁਦਾ ਕਰਾਂਵਦੀ ਏ।
ਕਦੇ ਪਾਜੀਆਂ ਨੂੰ ਦੇਵੇ ਜਿੱਤ ਰਣ ਦੀ, ਕਦੇ ਵੀਰਾਂ ਤੋਂ ਸ਼ਸਤਰ ਸੁਟਾਂਵਦੀਂ ਏ।
ਕਦੇ ਰੋਂਦਿਆਂ ਤਾਈਂ ਹਸਾ ਦੇਂਦੀ, ਅਤੇ ਹੱਸਦਿਆਂ ਤਾਈਂ ਰੋਂਵਾਂਵਦੀ ਏ।
ਹੁਸਨ ਵਾਲਿਆਂ ਨੂੰ ਪੈਰਾਂ ਵਿੱਚ ਰੋਲੇ, ਕੁਦਰਤ ਕੋਝਿਆਂ ਦੇ ਵੱਸ ਪਾਂਵਦੀ ਏ।
ਪਰੀਆਂ ਉੱਡਦੀਆਂ ਜਿਨ੍ਹਾਂ ਦਾ ਤਖ਼ਤ ਲੈ ਕੇ, ਕਦੀ ਉਨ੍ਹਾਂ ਤੋਂ ਪੱਠ ਝੁਕਾਂਵਦੀ ਏ।
ਕਦੀ ਜਿਨ੍ਹਾਂ ਦੇ ਸੀਸ ਤੇ ਚੌਰ ਝੁੱਲਦੇ, ਤੱਤੀ ਤਵੀ ਤੇ ਉਨ੍ਹਾਂ ਬਿਠਾਂਵਦੀ ਏ।
ਨੰਗੇ ਪੈਰ ਤੋਰੇ ਕਲਗੀ ਵਾਲਿਆਂ ਨੂੰ, ਸੂਲਾਂ ਨਾਲ ਸਰੀਰ ਪਛਾਂਵਦੀ ਏ।
ਮਾਲਕ ਤਖ਼ਤਾਂ ਦੇ ਪਾਂਵਦੀ ਜੇਲ੍ਹ ਅੰਦਰ, ਅਤੇ ਕੈਦੀਆਂ ਤਖ਼ਤ ਬਠਾਂਵਦੀ ਏ।
ਵੈਰੀ ਮਿੱਤਰਾਂ ਨੂੰ ਮਿੱਤਰ ਵੈਰੀਆਂ ਨੂੰ, ਫੌਰੇ ਅੱਖ ਦੇ ਵਿਚ ਬਣਾਂਵਦੀ ਏ।
ਦੁਨੀਆਂ ਸਮੇਂ ਦੇ ਗੇੜ ਵਿੱਚ ਫਿਰੇ ਭਾਉਂਦੀ, 'ਜੀਵਨ ਸਿੰਘ' ਦੀ ਕਲਮ ਅਲਾਂਵਦੀ ਏ।

# ਸੁੱਚੇ - ਮੋਤੀ

ਜੋ ਦੂਸਰਿਆਂ ਨੂੰ ਜਿੱਤਦਾ ਹੈ, ਤਕੜਾ ਹੈ। ਜੋ ਆਪਣੇ-ਆਪ ਨੂੰ ਜਿਤਦਾ ਹੈ, ਬਲਵਾਨ ਹੈ।

**ਲਾਓ ਜ਼ੇ**

ਬੰਦਾ ਲੜਾਈ ਵਿੱਚ ਹਜ਼ਾਰਾਂ ਬੰਦਿਆਂ ਉੱਤੇ ਜਿੱਤ ਪ੍ਰਾਪਤ ਕਰ ਸਕਦਾ ਹੈ, ਪਰ ਸਭ ਤੋਂ ਮਹਾਨ ਜੇਤੂ ਉਹ ਹੈ ਜੋ ਆਪਣੇ-ਆਪ ਨੂੰ ਜਿੱਤਦਾ ਹੈ।

**ਮਹਾਤਮਾ ਬੁੱਧ**

ਜਨਮ ਦੁਆਰਾ ਨਹੀਂ, ਕੇਵਲ ਕਰਮ ਦੁਆਰਾ ਹੀ ਕੋਈ ਆਦਮੀ ਨੀਚ-ਜਾਤ ਜਾਂ ਬ੍ਰਹਮਣ ਬਣਦਾ ਹੈ।

**ਮਹਾਤਮਾ ਬੁੱਧ**

ਨਿੱਕੇ ਬਾਲ ਨੂੰ ਚੁੱਕ ਕੇ ਹਿੱਕ ਨਾਲ ਲਾਉਣ ਤੇ ਹੀ ਸਮਝ ਆਉਂਦੀ ਏ ਕਿ ਜਾਤ ਲੈ ਕੇ ਕੋਈ ਧਰਤੀ ਤੇ ਨਹੀਂ ਜੰਮਦਾ।

**ਟੈਗੋਰ**

ਆਮ ਲੋਕ ਰੱਬ ਨੂੰ ਬਹੁਤੇ ਪਿਆਰੇ ਹਨ। ਇਹੀ ਕਾਰਨ ਹੈ ਕਿ ਉਹ ਇਨ੍ਹਾਂ ਨੂੰ ਬਹੁਤ ਜ਼ਿਆਦਾ ਗਿਣਤੀ ਵਿੱਚ ਸਿਰਜਦਾ ਹੈ।

**ਅਬਰਾਹਮ ਲਿੰਕਨ**

ਜਿਹੜਾ ਆਦਮੀ ਆਪਣੀ ਜ਼ੁਬਾਨ ਕਾਬੂ ਨਹੀਂ ਰੱਖ ਸਕਦਾ, ਉਸ ਅੰਦਰ ਸਤਯ ਨਹੀਂ।

**ਮਹਾਤਮਾ ਗਾਂਧੀ**

ਸੰਸਾਰ ਉੱਤੇ ਇਕ ਸ਼੍ਰੇਣੀ ਦੇ ਲੋਕ ਇਹੋ ਜਿਹੇ ਹਨ ਜਿਹੜੇ ਫ਼ਰਜ ਤੋਂ ਜ਼ਰੂਰ ਜੀਅ ਚੁਰਾਣਗੇ, ਪਰ ਜ਼ਿੰਮੇਦਾਰੀ ਜਿਨ੍ਹਾਂ ਦੇ ਆਪਣੇ ਹੱਥ ਹੀ ਹੋਵੇ, ਉਹ ਘੱਟ ਤੋਂ ਘੱਟ ਜੀਅ ਚੁਰਾਣਗੇ।

**ਟੈਗੋਰ**

ਦੌਲਤ ਜਾਣ ਨਾਲ ਕੁਝ ਨਹੀਂ ਜਾਂਦਾ। ਹੌਂਸਲਾ ਗੁਆਚਣ ਨਾਲ ਕਾਫੀ ਕੁਝ ਖੋਹ ਜਾਂਦਾ ਹੈ। ਇੱਜ਼ਤ ਜਾਣ ਨਾਲ ਸਭ ਕੁਝ ਚਲਾ ਜਾਂਦਾ ਹੈ।

**ਡੱਚ ਕਹਾਵਤ**

ਜ਼ਮੀਰ, ਆਦਮੀ ਵਿੱਚ ਪਰਮਾਤਮਾ ਦੀ ਮੌਜੂਦਗੀ ਹੈ।

**ਆਰਕਨਾ ਕੋਲੈਸੱਟਾ**

# ਬੱਚਿਆਂ ਦਾ ਪੰਨਾ

**ਪੰਚਤੰਤਰ**

ਕਿਸੇ ਜੰਗਲ ਵਿੱਚ ਇੱਕ ਸੰਨਿਆਸੀ ਤਪ ਕਰਦਾ ਸੀ। ਜੰਗਲ ਦੇ ਜਾਨਵਰ ਉਸ ਕੋਲ ਪ੍ਰਵਚਨ ਸੁਣਨ ਨੂੰ ਆਇਆ ਕਰਦੇ ਸਨ। ਉਹ ਆਕੇ ਉਸਦੇ ਆਲੇ-ਦੁਆਲੇ ਬੈਠ ਜਾਂਦੇ ਅਤੇ ਉਹ ਜਾਨਵਰਾਂ ਨੂੰ ਵਧੀਆ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੰਦਾ।

ਉਸੇ ਜੰਗਲ ਵਿੱਚ ਇੱਕ ਛੋਟਾ ਜਿਹਾ ਚੂਹਾ ਵੀ ਰਹਿੰਦਾ ਸੀ। ਉਹ ਵੀ ਰੋਜ ਸੰਨਿਆਸੀ ਦਾ ਪ੍ਰਵਚਨ ਸੁਣਨ ਆਉਂਦਾ ਸੀ। ਇੱਕ ਦਿਨ ਉਹ ਜੰਗਲ ਵਿੱਚ ਸਾਧੂ ਨੂੰ ਭੇਂਟ ਕਰਨ ਲਈ ਕੁੱਝ ਲੱਭ ਰਿਹਾ ਸੀ ਕਿ ਇੱਕ ਵੱਡੀ ਬਿੱਲੀ ਨੇ ਉਸ ਤੇ ਹਮਲਾ ਕਰ ਦਿੱਤਾ। ਚੂਹਾ ਬੇਹੱਦ ਡਰ ਗਿਆ ਅਤੇ ਭੱਜ ਕੇ ਸਿੱਧਾ ਸੰਨਿਆਸੀ ਦੇ ਆਸ਼ਰਮ ਵੱਲ ਆ ਗਿਆ। ਉੱਥੇ ਜਾਕੇ ਡਰੇ ਹੋਏ ਚੂਹੇ ਨੇ ਸੰਨਿਆਸੀ ਨੂੰ ਕੰਬਦੀ ਅਵਾਜ਼ ਵਿੱਚ ਆਪਣੀ ਹੱਡ-ਬੀਤੀ ਦੱਸੀ। ਏਨੇ ਵਿੱਚ ਬਿੱਲੀ ਵੀ ਉੱਥੇ ਆ ਪੁੱਜੀ। ਉਸਨੇ ਸੰਨਿਆਸੀ ਨੂੰ ਆਪਣਾ ਸ਼ਿਕਾਰ ਦੇਣ ਲਈ ਕਿਹਾ। ਸੰਨਿਆਸੀ ਸੋਚੀਂ ਪੈ ਗਿਆ। ਉਸਨੇ ਇੱਕ ਪਲ ਸੋਚਿਆ ਅਤੇ ਫਿਰ ਆਪਣੀ ਤਪ ਸ਼ਕਤੀ ਨਾਲ ਚੂਹੇ ਨੂੰ ਇੱਕ ਵੱਡੀ ਬਿੱਲੀ ਬਣਾ ਦਿੱਤਾ। ਹੁਣ ਆਪਣੇ ਤੋਂ ਵੱਡੀ ਬਿੱਲੀ ਨੂੰ ਸਾਹਮਣੇ ਵੇਖ ਪਹਿਲੀ ਬਿੱਲੀ ਉੱਥੋਂ ਭੱਜ ਗਈ।

ਹੁਣ ਚੂਹਾ ਬੇਫਿਕਰ ਸੀ। ਉਹ ਹੁਣ ਵੱਡੀ ਬਿੱਲੀ ਵਾਂਗ ਜੰਗਲ ਵਿੱਚ ਵਿਚਰਦਾ। ਦੂਜੇ ਜਾਨਵਰਾਂ ਨੂੰ ਡਰਾਣ ਲਈ ਉਹ ਜ਼ੋਰ ਨਾਲ ਗੁਰਰਾਉਣਾ ਵੀ ਸਿੱਖ ਗਿਆ ਸੀ। ਬਿੱਲੀਆਂ ਤੋਂ ਬਦਲਾ ਲੈਣ ਲਈ ਉਹ ਉਨ੍ਹਾਂ ਨਾਲ ਭਿੜ ਜਾਂਦਾ। ਬਹੁਤ ਸਾਰੀਆਂ ਬਿੱਲੀਆਂ ਉਸਨੇ ਮਾਰ ਦਿੱਤੀਆਂ। ਪਰ ਚੂਹੇ ਦਾ ਇਹ ਬੇਫਿਕਰੀ ਵਾਲਾ ਜੀਵਨ ਲੰਮਾ ਨਹੀਂ ਚੱਲਿਆ।

ਇੱਕ ਦਿਨ ਇੱਕ ਲੂੰਬੜੀ ਨੇ ਉਸ ਤੇ ਝਪੱਟਾ ਮਾਰਿਆ। ਉਸਨੇ ਇਹ ਤਾਂ ਕਦੇ ਸੋਚਿਆ ਹੀ ਨਹੀਂ ਸੀ ਕਿ ਬਿੱਲੀ ਤੋਂ ਵੱਡੇ ਅਤੇ ਖੂੰਖਾਰ ਜਾਨਵਰ ਵੀ ਜੰਗਲ ਵਿੱਚ ਹਨ, ਜੋ ਪਲ ਵਿੱਚ ਉਸਨੂੰ ਚੀਰ- ਫਾੜ ਸਕਦੇ ਹਨ। ਉਹ ਕਿਸੇ ਤਰ੍ਹਾਂ ਲੂੰਬੜੀ ਤੋਂ ਬਚਕੇ ਫਿਰ ਸੰਨਿਆਸੀ ਦੇ ਆਸ਼ਰਮ ਵਿੱਚ ਜਾ ਅਪੜਿਆ। ਲੂੰਬੜੀ ਵੀ ਉਸਦਾ ਪਿੱਛਾ ਕਰਦੀ ਉੱਥੇ ਪੁੱਜ ਗਈ। ਹੁਣ ਦੋਵੇਂ ਸੰਨਿਆਸੀ ਦੇ ਸਾਹਮਣੇ ਖੜੇ ਸਨ। ਸੰਨਿਆਸੀ ਨੇ ਚੂਹੇ ਦੀ ਪਰੇਸ਼ਾਨੀ ਵੇਖ ਉਸਨੂੰ ਵੱਡੀ ਸਾਰੀ ਲੂੰਬੜੀ ਬਣਾ ਦਿੱਤਾ। ਹੁਣ ਆਪਣੇ ਤੋਂ ਵੱਡੀ ਲੂੰਬੜੀ ਸਾਹਮਣੇ ਵੇਖ ਪਹਿਲੀ ਲੂੰਬੜੀ ਉੱਥੋਂ ਭੱਜ ਗਈ।

ਵੱਡੀ ਲੂੰਬੜੀ ਬਣਕੇ ਚੂਹਾ ਫਿਰ ਬੇਫਿਕਰ ਹੋ ਗਿਆ ਅਤੇ ਜੰਗਲ ਵਿੱਚ ਨਿਰਭਉ ਵਿਚਰਨ ਲਗਾ। ਲੇਕਿਨ ਉਸਦੀ ਇਹ ਖੁਸ਼ੀ ਵੀ ਜ਼ਿਆਦਾ ਦਿਨ ਨਹੀਂ ਰਹੀ।

ਇੱਕ ਦਿਨ ਜਦੋਂ ਉਹ ਇਵੇਂ ਹੀ ਜੰਗਲ ਵਿੱਚ ਘੁੰਮ ਰਿਹਾ ਸੀ ਕਿ ਇੱਕ ਸ਼ੇਰ ਉਸ ਤੇ ਝਪਟ ਪਿਆ। ਕਿਸੇ ਤਰ੍ਹਾਂ ਉਸਨੇ ਆਪਣੀ ਜਾਨ ਬਚਾਈ ਅਤੇ ਪਹਿਲਾਂ ਵਾਂਗ ਭੱਜ ਕੇ ਆਸ਼ਰਮ ਵਿੱਚ ਪੁੱਜਿਆ। ਸੰਨਿਆਸੀ ਨੂੰ ਫੇਰ ਚੂਹੇ ਤੇ ਤਰਸ ਆ ਗਿਆ ਅਤੇ ਉਸਨੇ ਉਸਨੂੰ ਸ਼ੇਰ ਦੇ ਰੂਪ ਵਿੱਚ ਬਦਲ ਦਿੱਤਾ। ਸੰਨਿਆਸੀ ਇਹ ਸਭ ਕਰਦੇ ਸਮੇਂ ਇਹ ਸੋਚਦਾ ਸੀ ਕਿ ਚੂਹਾ ਉਸਦਾ ਪੁਰਾਣਾ ਚੇਲਾ ਹੈ ਛੋਟਾ ਅਤੇ ਕਮਜ਼ੋਰ ਜੀਵ ਹੈ। ਮਾਰੂ ਜਾਨਵਰਾਂ ਤੋਂ ਉਸਦੀ ਰੱਖਿਆ ਕਰਨਾ ਉਸਦਾ ਫਰਜ਼ ਹੈ।

ਹੁਣ ਫੇਰ ਸ਼ੇਰ ਦਾ ਰੂਪ ਪਾ ਕੇ ਚੂਹਾ ਜੰਗਲ ਵਿੱਚ ਨਿਰਭਉ ਵਿਚਰਨ ਲਗਾ। ਅਕਾਰਣ ਹੀ ਉਸਨੇ ਜੰਗਲ ਦੇ ਬਹੁਤ ਸਾਰੇ ਪ੍ਰਾਣੀ ਮਾਰ ਮੁਕਾਏ। ਸ਼ੇਰ ਦਾ ਰੂਪ ਪਾਉਣ ਦੇ ਬਾਅਦ ਚੂਹਾ ਜੰਗਲ ਦਾ ਸਰਵਸ਼ਕਤੀਮਾਨ ਜੀਵ ਬਣ ਗਿਆ ਸੀ। ਉਹ ਰਾਜੇ ਵਾਂਗ ਵਰਤਾਓ ਕਰਦਾ ਅਤੇ ਉਂਵ ਹੀ ਹੁਕਮ ਦਿੰਦਾ ਜਿਵੇਂ ਕੋਈ ਰਾਜਾ ਦਿੰਦਾ ਹੈ।

ਹੁਣ ਉਸਨੂੰ ਸੰਨਿਆਸੀ ਦੀਆਂ ਸ਼ਕਤੀਆਂ ਦੀ ਚਿੰਤਾ ਹੋਣ ਲੱਗੀ ਕਿ ਸੰਨਿਆਸੀ ਨੇ ਕਾਰਨ ਜਾਂ ਅਕਾਰਨ ਉਸਨੂੰ ਪਹਿਲਾਂ ਵਾਂਗ ਚੂਹਾ ਬਣਾ ਦਿੱਤਾ ਤਾਂ ਸਾਰਾ ਖੇਲ ਵਿਗੜ ਜਾਵੇਗਾ। ਉਹ ਜਿੰਨਾ ਸੋਚਦਾ, ਚਿੰਤਾ ਓਨੀ ਹੀ ਵੱਧਦੀ ਜਾਂਦੀ। ਅਖ਼ੀਰ ਨੂੰ ਉਸਨੇ ਸੰਨਿਆਸੀ ਨੂੰ ਮਾਰਨ ਦੀ ਸੋਚੀ ਅਤੇ ਬੋਲਿਆ, "ਮੈਂ ਭੁੱਖਾ ਹਾਂ ਤੇ ਹੁਣ ਮੈਂ ਤੁਹਾਨੂੰ ਖਾਵਾਂਗਾ ਤਾਂ ਕਿ ਸਾਰੀਆਂ ਸ਼ਕਤੀਆਂ ਮੇਰੇ ਵਿੱਚ ਸਮਾ ਜਾਣ; ਮੈਨੂੰ ਆਗਿਆ ਦਿਓ ਕਿ ਤੁਹਾਨੂੰ ਮਾਰ ਸਕਾਂ।" ਚੂਹੇ ਦੇ ਇਹ ਸ਼ਬਦ ਸੁਣਕੇ ਸੰਨਿਆਸੀ ਨੂੰ ਬਹੁਤ ਗੁੱਸਾ ਆਇਆ। ਉਸਨੇ ਉਸਨੂੰ ਤੁਰੰਤ ਹੀ ਫਿਰ ਤੋਂ ਚੂਹਾ ਬਣਾ ਦਿੱਤਾ।

ਹੁਣ ਚੂਹੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਉਸਨੇ ਆਪਣੇ ਭੈੜੇ ਵਰਤਾਓ ਲਈ ਸੰਨਿਆਸੀ ਤੋਂ ਮਾਫ਼ੀ ਮੰਗਦੇ ਹੋਏ ਉਸਨੂੰ ਫਿਰ ਤੋਂ ਸ਼ੇਰ ਬਣਾ ਦੇਣ ਨੂੰ ਕਿਹਾ। ਪਰ ਸੰਨਿਆਸੀ ਨੇ ਉਸਨੂੰ ਸੋਟੀ ਨਾਲ ਉੱਥੋਂ ਭਜਾ ਦਿੱਤਾ।

# ਖ਼ਬਰਨਾਮਾ

## ਬੰਗਲੌਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸਮਾਗਮ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ 24, 25, 26 ਦਸੰਬਰ ਨੂੰ ਬਿੜਦੀ ਫਾਰਮ ਬੰਗਲੌਰ ਵਿਖੇ ਮਾਤਾ ਗੁਜਰੀ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆ ਦੀ ਯਾਦ ਵਿੱਚ ਸਮਾਗਮ ਕੀਤਾ ਗਿਆ। 24 ਤਰੀਕ ਨੂੰ ਸ਼ਾਮ ਨੂੰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਵੀਸ਼ਰ ਗੁਰਲਾਲ ਸਿੰਘ ਨੇ ਆਪਣੇ ਸਾਥੀਆਂ ਗੁਰਭਗਤ ਸਿੰਘ ਅਤੇ ਰਣਜੀਤ ਸਿੰਘ ਨਾਲ ਵੱਡੇ ਸਾਹਿਬਜਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਸੰਗਤਾਂ ਨੂੰ ਸਰਵਣ ਕਰਵਾਇਆ।



25 ਤਰੀਕ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਬਲਬੀਰ ਸਿੰਘ ਨੇ ਸਾਥੀਆਂ ਨਾਲ ਕੀਤਾ ਅਤੇ ਬਾਅਦ ਵਿੱਚ ਜ. ਬਲਵਿੰਦਰ ਸਿੰਘ ਚੰਡੀਗੜ੍ਹ ਨੇ ਇਕ ਕਵਿਤਾ ਸੰਗਤਾਂ ਸਨਮੁੱਖ ਪੇਸ਼ ਕੀਤੀ। ਕਵੀਸ਼ਰ ਗੁਰਲਾਲ ਸਿੰਘ ਹੁਰਾਂ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਵਿਸਥਾਰ ਨਾਲ ਸੁਣਾਇਆ।



26 ਤਰੀਕ ਨੂੰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਗੁਰਲਾਲ ਸਿੰਘ ਨੇ ਕਥਾ ਵਖਿਆਣ ਰਾਂਹੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਮਾਛੀਵਾੜੇ ਦੇ ਜੰਗਲ ਤੋਂ ਨੰਦੇੜ ਤੱਕ ਦੇ ਸਫਰ ਦਾ ਹਾਲ ਸੰਗਤਾਂ ਨੂੰ ਸੁਣਾਇਆ। ਸਾਰੀ ਫਾਰਮ ਦੀ ਸਾਧ-ਸੰਗਤ ਅਤੇ ਕੁਝ ਸਾਧ ਸੰਗਤ ਹੈਦਰਾਬਾਦ ਤੋਂ ਵੀ ਇਨ੍ਹਾਂ ਸਮਾਗਮਾਂ ਵਿੱਚ ਪਹੁੰਚੀ।

**ਸੂਬਾ ਅਮਰੀਕ ਸਿੰਘ**

..................................................................................

## ਸਾਹਿਬਜਾਦਿਆਂ ਦੀ ਯਾਦ ਵਿੱਚ ਅਕੈਡਮੀ ਸਕੂਲ ਵਿੱਚ ਸਮਾਗਮ

ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਅਤੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਤਿੰਨ ਰੋਜ਼ਾ ਸਮਾਗਮ ਕੀਤਾ ਗਿਆ। "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥ " ਦੇ ਮਹਾਵਾਕ ਅਨੁਸਾਰ **੨੬/੧੨/੨੦੨੨** ਨੂੰ ਨਰਸਰੀ ਤੋਂ ਲੈ ਕੇ ਸੇਂਕੇਡ ਕਲਾਸ ਤੱਕ ਦੇ ਬੱਚਿਆਂ ਨੂੰ **੨੭/੧੨/੨੦੨੨** ਨੂੰ ਤੀਸਰੀ ਜਮਾਤ ਤੋਂ ਲੈਕੇ ੧੨ ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਚਾਰ ਸਾਹਿਬਜਾਦੇ ਫਿਲਮ ਦਿਖਾਕੇ ਇਤਿਹਾਸ ਨੂੰ ਇੱਕ ਵਾਰ ਫੇਰ ਯਾਦ ਕੀਤਾ ਗਿਆ । **੨੮/੧੨/੨੦੨੨** ਨੂੰ ਸਾਮੂਹਿਕ ਤੌਰ ਤੇ ਬੱਚਿਆਂ ਅਤੇ ਅਧਿਆਪਕਾਂ ਵੱਲੋਂ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸ਼ਰਧਾਂਜਲੀ ਦਿੱਤੀ ਗਈ। ਬੱਚਿਆਂ ਵੱਲੋਂ ਚੌਪਈ ਸਾਹਿਬ ਦੇ ਪਾਠ ਕੀਤੇ ਗਏ। ਛੋਟੇ ਬੱਚਿਆਂ ਨੇ " ਵਾਟਾਂ ਲੰਮੀਆਂ "ਗੀਤ ਅਤੇ" ਚੰਗਾ ਇਨਸਾਨ" ਕਵਿਤਾ ਰਾਹੀਂ ਸਮਾਗਮ ਦੀ ਸ਼ੁਰੂਆਤ ਕੀਤੀ। ਅੱਠਵੀਂ ਜਮਾਤ ਦੇ ਵਿਦਿਆਰਥੀ

ਤਰਨ ਸਿੰਘ ਨੇ" ਸਿੱਖੀ ਸਿਦਕ ਨਿਭੌਂਣ ਦੀਆਂ ਮੰਜਿਲਾਂ ਨੇ ਦੂਰ ਭੁੱਲ ਜਾਵੀਂ ਨਾ" ਗੀਤ ਰਾਹੀਂ ਦੀਵਾਨ ਦੀ ਸ਼ਰੂਆਤ ਕਰਕੇ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਦੀਵਾਨ ਸਜਾਇਆ।




ਉਪਰੰਤ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਛੇਵੀਂ ਜਮਾਤ ਤੋਂ ਲੈ ਕੇ ਅਠਵੀਂ ਜਮਾਤ ਤੱਕ ਇਕ ਕਵਿਤਾ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਬੱਚਿਆਂ ਨੇ ਵੱਧ ਚੜ ਕੇ ਹਿੱਸਾ ਲਿਆ। ਜੇਤੂ ਬੱਚਿਆਂ ਨੂੰ ਅਤੇ ਭਾਗ ਲੈਣ ਵਾਲੇ ਬੱਚਿਆਂ ਨੂੰ ਪ੍ਰਿ. ਸ ਚਰਨਜੀਤ ਸਿੰਘ ਜੀ ਵੱਲੋਂ ਸਨਮਾਨਿਤ ਕੀਤਾ ਗਿਆ। ਗਿਆਰਵੀਂ ਜਮਾਤ ਦੀ ਵਿਦਿਆਰਥਣ ਕਿਰਨਦੀਪ ਕੌਰ ਨੇ "ਸ਼ਿਮਲਾ ਤਾਂ ਸਾਰਿਆਂ ਨੇ ਘੁੰਮਿਐ ਦੱਸੋ ਕੌਣ ਕੌਣ ਗਿਆ ਸਰਹੰਦ ਬਈ" ਗੀਤ ਰਾਹੀਂ ਨੌਜਵਾਨ ਪੀੜ੍ਹੀ ਨੂੰ ਗੁਰਦਵਾਰਾ ਫਤਿਹਗੜ੍ਹ ਸਾਹਿਬ ਦੇ ਦਰਸਨਾਂ ਲਈ ਪ੍ਰੇਰਿਆ।

ਉਪਰੰਤ ਨੌਵੀਂ ਅਤੇ ਗਿਆਰਵੀਂ ਦੇ ਵਿਦਿਆਰਥੀਆਂ ਵੱਲੋਂ ਸ੍ਰੀ ਭੈਣੀ ਸਾਹਿਬ ਦੇ ਲਾਗਲੇ ਪਿੰਡਾਂ ਵਿੱਚ "ਸ਼ਹੀਦੀ ਚੇਤਨਾ ਮਾਰਚ" ਕੱਢਿਆ ਗਿਆ। ਜਿਸ ਵਿੱਚ ਬੱਚਿਆਂ ਨੇ ਘਰ ਘਰ ਜਾਕੇ ਲੋਕਾਂ ਨੂੰ ਛੋਟੇ ਅਤੇ ਵੱਡੇ ਸਾਹਿਬਜਾਦੇ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਬਾਰੇ ਜਾਣੂ ਕਰਵਾਇਆ ਅਤੇ ਲਿਟਰੇਚਰ ਵੰਡਿਆ। ਅਕੈਡਮੀ ਦੇ ਬੱਚਿਆਂ ਤੋਂ ਇਤਿਹਾਸ ਸੁਣ ਲੋਕ ਬਹੁਤ ਖੁਸ਼ ਹੋਏ ਅਤੇ ਬੱਚਿਆਂ ਨੂੰ ਅਸੀਸ ਦਿੱਤੀ। ਪਿੰਡਾਂ ਦੇ ਲੋਕਾਂ ਨੇ ਅਕੈਡਮੀ ਦੇ ਇਸ ਕਾਰਜ਼ ਨੂੰ ਬਹੁਤ ਸਰਾਹਿਆ ਅਤੇ ਕਿਹਾ ਕਿ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਨੇ ਇਹ ਇਕ ਸ਼ਲਾਘਾ ਯੋਗ ਕੰਮ ਕੀਤਾ ਹੈ ਜਿਸ ਨਾਲ ਸਾਡੀ ਔਣ ਵਾਲੀ ਪੀੜ੍ਹੀ ਆਪਣੇ ਇਤਿਹਾਸ ਨਾਲ ਜੁੜਕੇ ਸਿੱਖੀ ਨਾਲ ਜੁੜੀ ਰਹਿ ਸਕੇਗੀ।

**ਜਥੇ. ਹਰਪਾਲ ਸਿੰਘ**

## ਸੇਵਕ ਕੀ ਓੜਕ ਨਿਬਹੀ ਪ੍ਰੀਤਿ

ਸੇਠ ਗਿਆਨ ਸਿੰਘ ਜੀ ਜਿਨ੍ਹਾਂ ਦਾ ਪਿਛਲਾ ਪਿੰਡ ਲਾਲਾ ਮੁਸਾ ਜਿਲ੍ਹਾਂ ਗੁਜਰਾਵਾਲਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਹੁਕਮ ਅਨੁਸਾਰ ਸੰਨ 1947 ਤੋਂ ਮੰਡੀ ਆ ਕੇ ਕਪੜੇ ਦਾ ਵਿਹਾਰ ਕਰਨ ਲੱਗੇ। ਸੇਠ ਗਿਆਨ ਸਿੰਘ ਜੀ ਸਤਿਗੁਰੂ ਜੀ ਦੇ ਬੜੇ ਸ਼ਰਧਾਵਾਨ ਸਿੰਘ ਸਨ। (1) ਸੇਠ ਜੋਗਿੰਦਰ ਸਿੰਘ, (2) ਹਰੀਮੰਦਰ ਸਿੰਘ, (3) ਹਰਜੀਤ ਸਿੰਘ, (4) ਅਵਨਿਦੰਰ ਸਿੰਘ ਚਾਰ ਪੁੱਤਰ ਅਤੇ ਬੀਬੀ ਕਵਲ ਕੌਰ, ਸੁਖਵੰਤ ਕੌਰ, ਸੁਖ ਅੰਮ੍ਰਿਤ ਕੌਰ, ਸਿਮਰਤ ਕੌਰ ਪੁੱਤਰੀਆਂ ਹਨ। ਕੁਝ ਸਮਾਂ ਪਹਿਲਾਂ ਬੀਬੀ ਕਵੰਲਜੀਤ ਕੌਰ ਚੜਾਈ ਕਰ ਗਏ। 6 ਮਹੀਨੇ ਪਹਿਲਾ ਹਰਮਿੰਦਰ ਸਿੰਘ ਜੀ ਚੜਾਈ ਕਰ ਗਏ।



**22 ਦਸੰਬਰ 2022** ਦਿਨ ਵੀਰਵਾਰ ਸਵੇਰੇ 9:30 ਤੇ ਸੇਠ ਜੋਗਿੰਦਰ ਸਿੰਘ ਜੀ ਸਤਿਗੁਰੂ ਜੀ ਦੀ ਬਖਸ਼ੀ ਉਮਰ ਭੋਗ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਸ ਦਿਨ ਉਹਨਾਂ ਸਸਕਾਰ 1 ਵਜੇ ਸ਼ਮਸਾਨ ਘਾਟ ਤੇ ਕੀਤਾ ਗਿਆ। ਉਨ੍ਹਾਂ ਦੀ ਯਾਦ ਵਿੱਚ 25 ਦਿਸੰਬਰ ਐਤਵਾਰ ਤੋਂ 27 ਦਿਸੰਬਰ ਮੰਗਲਵਾਰ ਤੱਕ ਉਨ੍ਹਾਂ ਦੇ ਘਰ ਸ਼ਾਮ 7 ਤੋਂ 8 ਨਾਮ ਸਿਮਰਨ ਤੇ 8 ਤੋਂ 9 ਵਜੇ ਤੱਕ ਜ. ਸੂਬਾ ਸਾਧਾ ਸਿੰਘ ਜੀ ਕਥਾ ਦੀ ਕਿਰਪਾ ਕਰਦੇ ਰਹੇ। 29 ਨੂੰ ਉਨ੍ਹਾਂ ਦੀ ਯਾਦ ਵਿੱਚ

ਮੇਲਾ ਗੁਰਦੁਆਰਾ ਸਕੂਲ ਬਾਜਾਰ ਵਿੱਚ ਕੀਤਾ ਗਿਆ ਜਿਸ ਵਿੱਚ 12 ਤੋਂ 1 ਵਜੇ ਤੱਕ ਕੀਰਤਨ ਰਾਗੀ ਆਕਾਸ ਦੀਪ ਤੇ ਤਬਲੇ ਤੇ ਸਾਥ ਰਾਜਨ ਸਿੰਘ ਨੇ ਦਿੱਤਾ। 1 ਤੋਂ 1:30 ਕਥਾ ਸੂਬਾ ਸਾਧਾ ਸਿੰਘ ਜੀ ਨੇ ਕਿਰਪਾ ਕੀਤੀ। 3 ਸਧਾਰਨ ਪਾਠਾਂ ਦੇ ਭੋਗ ਪਾਏ ਗਏ। 2 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ, 1 ਪਾਠ ਸੇਠ ਜੋਗਿੰਦਰ ਸਿੰਘ ਜੀ ਨਮਿੱਤ, 1 ਪਾਠ ਸੁਖਮਨੀ ਸਾਹਿਬ ਦਾ। ਉਪਰੰਤ ਸੂਬਾ ਸਾਧਾ ਸਿੰਘ ਜੀ ਨੇ ਸਮਾਪਤੀ ਦੀ ਅਰਦਾਸ ਕੀਤੀ। ਸਤਿਗੁਰੂ ਜੀ ਸੇਠ ਗਿਆਨ ਸਿੰਘ ਜੀ ਨੂੰ ਚਰਨਾਂ ਵਿੱਚ ਨਿਵਾਸ ਬਖ਼ਸ਼ਣ। ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**ਸੂਬਾ ਸਾਧਾ ਸਿੰਘ ਮੰਡੀ**

........................................................................

## ਪ੍ਰਕਾਸ਼ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਯਮੁਨਾ ਨਗਰ 31-12-2022 ਨਾਮਧਾਰੀ ਧਰਮ ਸ਼ਾਲਾ ਪੁਰਾਣਾ ਹਮੀਦਾ ਵਿਖੇ ਨਾਮਧਾਰੀ ਸਾਧ ਸੰਗਤ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸ਼ਾਮ 6 ਵਜੇ ਪ੍ਰੋਗਰਾਮ ਦੀ ਆਰੰਭਤਾ ਸ਼ਬਦ ਨਾਲ ਕੀਤੀ ਗਈ। ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਦੀਵਾਨ ਸਜਾਇਆ। ਉਪਰੰਤ ਗੁਰਚਰਨ ਸਿੰਘ ਨੇ ਇਕ ਸਾਖੀ ਸਾਧ ਸੰਗਤ ਨੂੰ ਸਵਰਨ ਕਰਾਈ। ਉਪਰੰਤ ਸੂਬਾ ਬਲਦੇਵ ਸਿੰਘ ਜੀ ਨੇ ਆਈ ਹੋਈ ਸਾਧ ਸੰਗਤ ਦਾ ਧੰਨਵਾਦ ਕੀਤਾ। ਅਰਦਾਸ ਕਰਕੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਗੁਰਚਰਨ ਸਿੰਘ**

........................................................................

## ਸੰਤ ਗੁਰਦੀਪ ਸਿੰਘ ਕਾਨੂੰਗੋ ਦੇ ਨਵੇਂ ਘਰ ਹਵਨ ਹੋਇਆ

ਸੰਤ ਗੁਰਦੀਪ ਸਿੰਘ ਕਾਨੂੰਗੋ ਪਿੰਡ ਮੇਹਲੀ (ਨੇੜੇ ਫਗਵਾੜਾ) ਵਿਖੇ ਆਪਣੇ ਨਵੇਂ ਬਣਾਏ ਗ੍ਰਹਿ ਵਿਖੇ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਸੱਦ ਕੇ ਸਤਿਗੁਰੂ ਦੀ ਦੱਸੀ ਹੋਈ ਸੋਧ ਮਰਿਯਾਦਾ ਅਨੁਸਾਰ ਇਕ ਹਵਨ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਤੇ ਇਕ ਹਵਨ ਨਵੇਂ ਬਣੇ ਗ੍ਰਹਿ ਦੀ ਖੁਸ਼ੀ ਵਿੱਚ ਕਰਵਾਇਆ। ਇਲਾਕੇ ਦੇ ਹੋਰ ਸਿੰਘਾਂ ਤੋਂ ਬਿਨਾਂ ਸੂਬਾ ਹਰਜੀਤ ਸਿੰਘ ਮੁਠੱਡਾ ਤੇ ਸੂਬਾ ਜਸਵੀਰ ਸਿੰਘ ਪੱਦੀ ਖਾਲਸਾ ਨੇ ਇਸ ਕਾਰਜ ਵਿੱਚ ਵਿਸ਼ੇਸ਼ ਤੌਰ ਤੇ ਸਹਿਯੋਗ ਦਿਤਾ।

**ਸੂਬਾ ਜਸਵੀਰ ਸਿੰਘ**

........................................................................

## Matrimonial

Namdhari girl
Birth-1992
Height- 176 cm
Educational qualification- B. Tech(EE)
MBA ( Marketing and HR)
UGC -NET qualified
Profession- Assistant manager in IOCL
Gotras-
Paternal- Kalsi
Maternal- Matharu
Well settled Ramgarhia namdhari family
Contact no. +919417867162

# ਸ੍ਰੀ ਸਤਿਗੁਰੂ ਜੀ ਦਾ ਕੈਨੇਡਾ ਦੌਰਾ

**23 ਜੁਲਾਈ ਸ਼ਨੀਵਾਰ**–ਅੱਜ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਆਸਾ ਦੀ ਵਾਰ ਦਾ ਕੀਰਤਨ ਸਰੀ ਦੇ ਰਾਗੀ ਸਿੰਘਾਂ ਅਤੇ ਨਵੇਂ ਸੰਗੀਤ ਸਿਖਿਆਰਥੀਆਂ ਨੇ ਕੀਤਾ। ਦਵਿੰਦਰ ਸਿੰਘ, ਪਵਿੱਤਰ ਸਿੰਘ, ਹਰਸਾ ਸਿੰਘ ਤਾਰ ਸ਼ਹਿਨਾਈ ਅਤੇ ਤਬਲੇ ਤੇ ਸਰਬਜੀਤ ਸਿੰਘ ਅਤੇ ਪਿਆਰਾ ਸਿੰਘ ਨਾਲ ਸੰਤੂਰ ਤੇ ਸੰਗਤ ਕਰ ਰਹੇ ਸਨ। ਉਸਤਾਦ ਹਰਜਿੰਦਰ ਸਿੰਘ ਛੋਟੇ ਸਿਖਿਆਰਥੀ ਦਰਸ਼ਨ ਸਿੰਘ, ਦਾਤਾਰ ਸਿੰਘ, ਬਲਕਾਰ ਸਿੰਘ, ਗਿਆਨ ਸਿੰਘ ਜੋ ਨਾਲ ਸ਼ਬਦ ਗਾਇਨ ਵੀ ਕਰਦੇ ਅਤੇ ਪਉੜੀ ਵੀ ਪੜ੍ਹਦੇ।

ਆਸਾ ਦੀ ਵਾਰ ਉਪਰੰਤ ਸਥਾਨਕ ਬੱਚਿਆਂ ਦਾ ਇੱਕ ਵਿਲੱਖਣ ਕਿਸਮ ਦਾ ਪ੍ਰਦਰਸ਼ਨ ਹੋਇਆ। ਛੋਟੇ ਬੱਚੇ-ਬੱਚੀਆਂ ਵਿੱਚ ਤਖਤੀਆਂ ਫੜੀ ਲਾਈਨ ਵਿੱਚ ਆ ਕੇ ਸਤਿਗੁਰੂ ਜੀ ਦੇ ਸਨਮੁੱਖ ਨਤਮਸਤਕ ਹੋਏ। ਇਨ੍ਹਾਂ ਤਖਤੀਆਂ ਤੇ ਸਲੋਗਨ ਲਿਖੇ ਹੋਏ ਸਨ 'ਨਾਮ ਜੱਪੋ', ਖਿਮਾ ਕਰੋ, ਦਸਵੰਧ ਕੱਢਿਆ ਕਰੋ, ਕਿੰਤੂ ਪ੍ਰੰਤੂ ਨਹੀਂ ਕਰਨਾ ਗੁਰਬਾਣੀ ਸ਼ੁੱਧ ਪੜ੍ਹੋ ਜੀ, ਸਵਾ ਲੱਖ ਪਾਠਾਂ ਦੀ ਲੜੀ ਵਾਸਤੇ ਪਾਠ ਕਰੋ ਜੀ। ਤਾਰੂਗੀ ਪ੍ਰਤੀਤ,ਮਾਸ਼ ਸ਼ਰਾਬ ਨਹੀਂ ਖਾਣਾ ਪੀਣਾ, ਅਨੰਦ ਗੁਰ ਮਰਿਯਾਦਾ ਅਨੁਸਾਰ, ਸਤਿਗੁਰੂ ਹਿਰਦੇ ਵਿੱਚ ਵੱਸੇ, ਮਰਣ ਉਪਰੰਤ ਰੋਣਾ ਪਿੱਟਣਾ ਨਹੀਂ ਬਜ਼ਾਰ ਦਾ ਨਹੀਂ ਖਾਣਾ ਆਦਿ ਇਨ੍ਹਾਂ ਸਲੋਗਨਾ ਦੀਆਂ ਤਖਤੀਆਂ ਸਹਿਤ ਮੱਥਾ ਟੇਕ ਕੇ ਬੱਚੇ ਮੰਚ ਤੇ ਆ ਗਏ। ਉਪਰੰਤ ਵਾਰੀ ਨਾਲ ਸਾਰੇ ਬੱਚੇ ਬੱਚੀਆਂ ਨੇ ਉਪਰੋਕਤ ਵਿਸ਼ਿਆਂ ਤੇ ਇਕ ਇਕ ਡੇਢ-ਡੇਢ ਮਿੰਟ ਦੇ ਭਾਸ਼ਨ ਦਿਤੇ ਸੰਖੇਪ ਅਤੇ ਅਰਥ ਭਰਪੂਰ ਇਹ ਸਾਰੀ ਤਿਆਰੀ ਬੀਬੀ ਕੁਲਵਿੰਦਰ ਕੌਰ ਸੁਪਤਨੀ ਸੰਤ ਸਿਮਰਦੀਪ ਸਿੰਘ ਨੇ ਕਰਵਾਈ। ਆਪ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ 'ਚੋਂ ਬਚਨ ਚੁਣ ਚੁਣ ਕੇ ਉਪਰੋਕਤ ਵਿਸ਼ਿਆ ਬਾਰੇ ਬੱਚਿਆਂ ਨੂੰ ਤਿਆਰੀ ਕਰਵਾਈ। ਸਰਲ ਪੇਸ਼ਕਾਰੀ ਅਤੇ ਵੱਡੀਆਂ ਗੱਲਾਂ ਸਨ। ਬੀਬੀ ਕੁਲਵਿੰਦਰ ਕੌਰ ਦਾ ਪੇਕਾ ਪਰਿਵਾਰ ਗੈਰ ਨਾਮਧਾਰੀ ਹੈ, ਪਰ ਨਾਮਧਾਰੀ ਪਰਿਵਾਰ ਵਿੱਚ ਆ ਕੇ ਬੀਬੀ ਨਾਮ-ਬਾਣੀ ਦੀ ਪੱਕੀ ਨਿਤਨੇਮ ਅਤੇ ਰਹਿਤ ਮਰਿਯਾਦਾ ਦੀ ਧਾਰਣੀ ਬਣ ਗਈ ਹੈ। ਪੰਜ ਕੁ ਸਾਲ ਤੋਂ 15-16 ਸਾਲ ਦੇ ਬੱਚੇ-ਬੱਚੀਆਂ ਜਿਆਦਾ ਬੱਚੇ ਛੋਟੇ ਹੀ ਸਨ। ਬੱਚਿਆਂ ਨੂੰ ਪੰਜਾਬੀ ਬੋਲੀ, ਧਾਰਮਿਕ ਸਿੱਖਿਆ ਦੇਣ ਲਈ ਬਹੁਤ ਯਤਨਸ਼ੀਲ ਹਨ। ਛੋਟੇ ਬੱਚੇ ਬੱਚੀਆਂ ਦੇ ਮੂੰਹੋ ਗਿਆਨ ਦੀਆਂ ਵੱਡੀਆਂ ਗੱਲਾਂ ਸੁਣ ਕੇ ਇਵੇਂ ਜਾਪ ਰਿਹਾ ਸੀ ਕਿ ਜਿਵੇਂ ਬਾਲ-ਗੁਰੂ ਹਰਿ ਕ੍ਰਿਸ਼ਨ ਜੀ ਨੇ ਇਨ੍ਹਾਂ ਬਾਲਾਂ ਦੇ ਸਿਰ ਤੇ ਅਸੀਸਾਂ ਭਰੀ ਆਪਣੀ ਛੜੀ ਰੱਖ ਕੇ ਇਨ੍ਹਾਂ ਨੂੰ ਦਿੱਬ ਦ੍ਰਿਸ਼ਟੀ ਬਖਸ਼ ਦਿੱਤੀ ਹੋਵੇ। ਬੱਚਿਆਂ ਦੇ ਨਾਮ ਹਨ- ਮਨਤੇਜ ਸਿੰਘ, ਅਜੀਤ ਸਿੰਘ, ਅਰਵਿੰਦ ਸਿੰਘ ਮਠਾੜੂ, ਕਰਮ ਸਿੰਘ, ਦਾਤਾਰ ਸਿੰਘ, ਅਰਵਿੰਦ ਸਿੰਘ, ਉਦੇ ਸਿੰਘ, ਤਨਵੀਰ ਸਿੰਘ, ਗਗਨਦੀਪ ਸਿੰਘ, ਇੰਦਰ ਸਿੰਘ ਅਤੇ ਬੱਚੀਆਂ ਸਨ- ਅਗਮ ਕੌਰ, ਅਤਰ ਕੌਰ, ਪਰਮਿੰਦਰ ਕੌਰ, ਪਰਮਜੀਤ ਕੌਰ, ਸਹਿਜ ਕੌਰ, ਸ਼ੁਭਨੀਤ ਕੌਰ ਅਤੇ ਹਰਸ਼ਪ੍ਰੀਤ ਕੌਰ। ਸਾਰੇ ਬੱਚਿਆਂ ਵਲੋਂ ਦਿੱਤੀਆਂ ਸਪੀਚਾਂ ਲਿਖਾਂਗੇ ਤੇ ਰਿਪੋਰਟ ਵਿੱਚ ਵਿਸਥਾਰ ਜਿਆਦਾ ਹੋ ਜਾਏਗਾ। ਇਸ ਲਈ ਵੰਨਗੀ ਮਾਤਰ ਦੋ ਬੱਚਿਆਂ ਵਲੋਂ ਸੁਣਾਏ ਗੁਰ ਉਪਦੇਸ਼ ਪਾਠਕਾਂ ਨਾਲ ਸਾਂਝੇ ਕਰਦਾ ਹਾਂ-

ਖਿਮਾ ਕਰੋ - (ਬੈਨਰ ਤੇ ਲਿਖਿਆ ਸਲੋਗਨ)

ਭਾਸ਼ਨ : ਖਿਮਾਂ ਕਰਨੀ ਭਾਵ ਕਿਸੇ ਨੂੰ ਮਾਫ ਕਰ ਦੇਣਾ।

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਰਹਿਤਨਾਮੇਂ ਵਿੱਚ ਲਿਖਿਆ ਹੈ:

-ਮੰਦਾ ਫਿੱਕਾ ਨਹੀਂ ਬੋਲਣਾ, ਖਿਮਾਂ ਕਰਨੀ, ਬੋਲ ਕਬੋਲ ਸਹਿ ਜਾਣਾ ਸਭ ਦਾ, ਜੇ ਕੋਈ ਮਾਰੇ ਕੁਝ ਤਾਂ ਭੀ ਖਿਮਾਂ ਕਰਨੀ ਤੁਸਾਂ ਦਾ ਰੱਛਕ ਗੁਰੂ ਹੈ।

-ਜਦੋਂ ਕੋਈ ਸਾਨੂੰ ਮੰਦਾ ਫਿਕਾ ਬੋਲੇ ਤਾਂ ਆਪਾਂ ਨੂੰ ਉਸ ਲਈ ਦੁਸ਼ਮਨੀ ਦੀ ਭਾਵਨਾ ਨਹੀਂ ਰੱਖਣੀ ਚਾਹੀਦੀ ਤਾਂ ਕਿ ਸਤਿਗੁਰੂ ਸਾਡੀ ਰੱਖਿਆ ਕਰਨਗੇ।

ਹੁਕਮਨਾਮੇਂ ਵਿੱਚ ਲਿਖਿਆ ਹੈ, ਪਾਤਸ਼ਾਹ ਜੀ ਨੇ:

"ਖਿਮਾਂ ਧੀਰਜ ਵਾਲਿਆਂ ਦੇ ਗੁਰੂ ਅੰਗ-ਸੰਗ ਹੈ।"

ਇਤਨੀ ਵੱਡੀ ਗੱਲ ਲਿਖ ਦਿੱਤੀ ਹੈ ਸਤਿਗੁਰਾਂ ਨੇ ਹੋਰ ਆਪਾਂ ਨੂੰ ਕੀ ਚਾਹੀਦਾ ਹੈ, ਸਾਧ ਸੰਗਤ ਜੀ।

ਇਕ ਹੋਰ ਬੈਨਰ (ਤਖਤੀ) ਤੇ ਲਿਖਿਆ ਸਲੋਗਨ:

ਧਰਮ ਦੇ ਚਿੰਨ੍ਹ ਕੋਲ ਰੱਖਿਆ ਕਰੋ-

'ਨਾਮਧਾਰੀਓ, ਧਰਮ ਦੇ ਚਿੰਨ੍ਹ ਕੋਲ ਰੱਖਿਆ ਕਰੋ।

ਇਕ ਮਸ਼ਹੂਰ ਗੱਲ ਹੈ ਕਿ ਇਕ ਭੰਗੀ ਨੂੰ ਰਾਜ ਮਿਲ ਗਿਆ ਤਾਂ ਉਹ ਆਪਣਾ ਝਾੜੂ ਤੇ ਟੋਕਰੀ ਨਾਲ ਰੱਖਦਾ ਸੀ ਇਸ ਲਈ ਕਿ ਮੇਰਾ ਪਿਛੋਕੜ ਕਿਤੇ ਮੈਨੂੰ ਭੁੱਲ ਨਾ ਜਾਵੇ। ਸਾਧ ਸੰਗਤ ਜੀ ਸਾਡੀਆਂ ਇਤਨੀਆਂ ਉੱਚੀਆਂ-ਸੁੱਚੀਆਂ ਨਿਸ਼ਾਨੀਆਂ ਨੇ- ਆਸਣ, ਗੜਵਾ, ਪਊਏ, ਮਾਲਾ ਆਦਿ ਇਨ੍ਹਾਂ ਨੂੰ ਕੋਲ ਰੱਖਿਆ ਕਰੋ, ਬਹੁਤੇ ਪੈਸੇ ਨਹੀਂ ਲਗਦੇ ਇਨ੍ਹਾਂ ਤੇ। ਮਾਲਾ ਪਾਸ ਹੋਵੇ ਤਾਂ ਕਿਤੇ ਚੇਤਾ ਆਵੇਗਾ ਕਿ ਮੈਂ ਸਿਮਰਨ ਹੀ ਕਰ ਲਵਾ ਕਿਤੇ।

ਜਿਮੀਂਦਾਰ ਦੇ ਘਰ ਹੱਲ ਪਿਆ ਹੋਵੇ ਤਾਂ ਉਹ ਯਾਦ ਕਰਵਾਉਂਦਾ ਹੈ ਕਿ ਮੈਂ ਖੇਤ ਵਿੱਚ ਜਾ ਕੇ ਹਲ ਵਾਉਣਾ ਹੈ। ਹਲ ਬਹੁਤ ਮੁੱਲ ਦਾ ਨਹੀਂ ਪਰ ਉਹ ਕਿੰਨੇ ਟਨ ਅਨਾਜ ਪੈਦਾ ਕਰ ਦੇਂਦਾ ਹੈ। ਏਸੇ ਤਰ੍ਹਾਂ ਮਾਲਾ ਵੀ ਬਹੁਤ ਮੁੱਲ ਦੀ ਨਹੀਂ ਆਉਂਦੀ ਪਰ ਜਦੋਂ ਤੁਸੀਂ ਮਾਲਾ ਫੇਰੋਗੇ ਤਾਂ ਕਿੰਨੀ ਹੀ ਨਾਮ-ਧਨ ਦੀ ਕਮਾਈ ਕਰ ਲਵੋਗੇ। ਪਾਤਸ਼ਾਹ ਗੁਰਬਾਣੀ ਵਿੱਚ ਲਿਖਦੇ ਹਨ-

ਨਾਮ ਧਨ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ॥

ਉਪਰੰਤ ਮੰਚ ਤੇ ਹਾਜ਼ਰ ਹੋਇਆ ਇਕ ਸੁਘੜ ਨੌਜੁਆਨ- ਅਨੂਪ ਸਿੰਘ ਜੋ 90 ਵਿਆਂ 'ਚ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦਾ ਵਿਦਿਆਰਥੀ ਰਿਹਾ ਹੈ, ਪਿੰਡ ਚੋਟੀਆਂ ਕਲਾਂ ਤੋਂ, ਤਿੱਖੀ, ਮਿੱਠੀ ਅਤੇ ਬੁਲੰਦ ਸੁਰ ਹੈ ਇਸ ਅਨੂਪ ਦੀ ਲਿਖਦਾ ਵੀ ਬਹੁਤ ਵਧੀਆ ਹੈ, ਅਨੂਪ ਸਿੰਘ ਨੇ ਆਪਣੀ ਲਿਖੀ ਕਵਿਤਾ ਹੀ ਸੁਰੀਲੇ ਤਰੰਨਮ 'ਚ ਪੇਸ਼ ਕੀਤੀ- ਨਜ਼ਮ ਦਾ ਮੁਖੜਾ ਹੈ-

ਮੇਰੇ ਰੋਮ ਰੋਮ ਵਿੱਚ ਚਾਅ,
ਮੇਰੇ ਵਿਹੜੇ ਦੇ ਵਿੱਚ ਖੁਦਾ,
ਜੀਹਦੀ ਰਜ਼ਾ 'ਚ ਚਲਦੇ ਸਾਹ,
ਮੇਰੇ ਹਜ਼ੂਰ ਆਏ ਨੇ।

ਰਚਨਾ ਤਾਂ ਸਾਰੀ ਹੀ ਬੜੀ ਪਿਆਰੀ ਹੈ ਪਰ ਇਕ ਬੰਦ ਲਿਖਕੇ ਹੀ ਅੱਗੇ ਤੁਰਦਾ ਹਾਂ-

ਲੱਗੀ ਸੀ ਔੜ, ਤੁਸੀਂ ਪਏ ਬਹੌੜ,
ਆਖਾਂ ਲਖ ਵਾਰੀ ਜੀਅ ਆਇਆਂ
ਕੀਤਾ ਤੁਸਾਂ ਤਰਸ, ਪਏ ਓ ਬਰਸ,
ਆਖਾਂ ਲੱਖ ਵਾਰੀ ਜੀਅ ਆਇਆਂ।
ਆਇਆ ਘਰ ਕੰਤ,
ਤੇ ਆਈ ਬਸੰਤ ਫੁੱਲਾਂ ਤੇ ਬੂਰ ਆਏ ਨੇ
ਮੇਰੇ ਰੋਮ-ਰੋਮ ਵਿੱਚ ਚਾਅ......
ਮੇਰੇ ਵਿਹੜੇ ਵਿੱਚ ਖੁਦਾ......

ਉਪਰੰਤ ਸੁਰਿੰਦਰ ਸਿੰਘ ਰੂਪਾ ਨੇ ਦੱਸਿਆ ਕਿ ਅੱਜ ਸ਼ਾਮ ਦਾ ਪ੍ਰੋਗਰਾਮ 5 ਤੋਂ 6 ਨਾਮ ਸਿਮਰਨ ਉਪਰੰਤ 6 ਤੋਂ 8 ਤੱਕ ਸਥਾਨਕ ਬੱਚਿਆਂ ਦਾ ਸ਼ਬਦ-ਗਾਇਨ (ਕੀਰਤਨ) ਹੋਵੇਗਾ।

ਸੰਗਤ ਦੀਆਂ ਪੰਗਤਾਂ ਏਸੇ ਹਾਲ ਵਿੱਚ ਹੀ ਲਗ ਗਈਆਂ ਅਤੇ ਸ੍ਰੀ ਸਤਿਗੁਰੂ ਜੀ, ਰਾਗੀ ਸਿੰਘਾਂ ਅਤੇ ਸੋਧੀਆਂ ਨੇ ਲੰਗਰ ਡੇਰੇ (ਸੂਬਾ ਬਲਬੀਰ ਸਿੰਘ ਦੇ ਘਰ) ਛਕਿਆ। ਸੰਤ ਬਲਵੰਤ ਸਿੰਘ ਨੇ ਅਰਜ਼ ਕੀਤੀ- ਗਰੀਬ ਨਿਵਾਜ਼ ਅੱਜ ਸ਼ਾਮ ਦਾ ਕੀਰਤਨ ਏਥੋਂ ਦੇ ਬੱਚਿਆਂ ਵਲੋਂ ਹੀ ਹੈ, ਆਗਿਆ ਹੋਵੇ ਤਾਂ ਮੈਂ ਤੇ ਸੋਨੂੰ ਪਰਿਵਾਰ ਸਹਿਤ ਵਿਸਲਰ ਘੁੰਮ ਆਵਾਂ। ਹੁਕਮ ਹੋਇਆ- ਠੀਕ ਹੈ, ਅਸੀਂ ਵੀ ਚੱਲਦੇ ਹਾਂ, ਗੱਡੀਆਂ ਤਿਆਰ ਕਰਨ ਦਾ ਹੁਕਮ ਹੋ ਗਿਆ। ਬਹੁਤ ਸਾਰੀ ਸੰਗਤ ਵੀ ਤਿਆਰ ਹੋ ਗਈ। ਇਸ ਤਰ੍ਹਾਂ ਸਤਿਗੁਰੂ ਸੱਚੇ ਪਾਤਸ਼ਾਹ ਆਪਣੇ ਸਿੱਖਾਂ-ਸੇਵਕਾਂ ਨੂੰ ਨਿਵਾਜ਼ਦੇ ਹਨ ਜਾਂ ਇਸ ਕਹਿ ਲਈਏ ਕਿ ਗੁਰੂ ਵੀ ਸਿੱਖਾਂ ਦੀਆਂ ਖੁਸ਼ੀਆਂ ਲੈਣ ਲਈ ਤਤਪਰ ਰਹਿੰਦਾ ਹੈ, ਠੀਕ ਏਸੇ ਤਰ੍ਹਾਂ ਜਿਵੇਂ ਪਿਤਾ ਆਪਣੇ ਬੱਚਿਆਂ ਨੂੰ ਖੁਸ਼ ਕਰਨ ਲਈ ਉਨ੍ਹਾਂ ਨੂੰ ਖਿਡਾਉਂਦਾ ਹੈ, ਖਿਡੌਣੇ ਦੇਂਦਾ ਹੈ ਬੱਚਿਆਂ ਦੀ ਖੁਸ਼ੀ ਵਿੱਚ ਆਪਣੀ ਖੁਸ਼ੀ ਸਮਝਦਾ ਹੈ।

ਕਰੀਬ 9 ਵਜੇ ਸਰੀ ਤੋਂ ਸ੍ਰੀ ਸਤਿਗੁਰੂ ਜੀ ਅਤੇ ਸਿਖਾਂ-ਸੇਵਕਾਂ ਦੀਆਂ ਗੱਡੀਆਂ ਦਾ ਕਾਫਲਾ ਰਵਾਨਾ ਹੋਇਆ। ਕਰੀਬ 113 ਸਿੰਘਾਂ, ਬੀਬੀਆਂ, ਨੌਜੁਆਨਾ ਅਤੇ ਬੱਚਿਆਂ ਦਾ ਜਥਾ, ਕਰੀਬ ਦੋ ਘੰਟਿਆਂ ਦਾ ਸਫਰ ਕਰਕੇ ਰਮਣੀਕ ਜਗ੍ਹਾ ਵਿਸਲਰ ਪੁੱਜੇ। ਗੱਡੀਆਂ ਪਾਰਕ ਕਰਕੇ, ਪਹਾੜ ਦੇ ਸਿਖਰ ਤੇ ਪਹੁੰਚਣ ਲਈ (ਗੰਡੋਲਾ) ਸਕਾਈ ਲਿਫਟ ਦੁਆਰਾ ਜਾਣ ਲਈ ਦੁੱਧ ਚਿੱਟੇ ਹੰਸਾਂ ਵਰਗੇ ਸਿਖਾਂ ਦਾ ਕਾਫਲਾ ਰਵਾਨਾ ਹੋਇਆ, ਜਿਧਰ ਦੀ ਲੰਘਦੇ, ਯਾਤਰੂ ਵੇਖਦੇ ਹੀ ਰਹਿ ਜਾਂਦੇ।

ਬਿਊਟੀਫੁਲ ਬ੍ਰਿਟਿਸ਼ ਕੋਲੰਬੀਆ ਦੇ ਪਹਾੜੀ ਇਲਾਕੇ ਵਿੱਚ ਤਿੰਨ ਸੁੰਦਰ ਪਹਾੜੀ ਪਿੰਡਾਂ ਦੀ ਇਹ ਇਕ ਯਾਤਰੂਆਂ ਲਈ ਆਕਰਸ਼ਕ ਜਗ੍ਹਾ ਹੈ। Whestler, Blackcomb ਅਤੇ Creekside ਪਿੰਡਾਂ ਦਾ ਇਹ ਟੂਰਿਸਟ ਸਪੌਟ ਕੁਦਰਤੀ ਖੂਬਸੂਰਤੀ ਅਤੇ ਸੁੰਦਰ ਰੈਸਟੋਰੈਂਟ, ਹੋਟਲਾਂ ਨਾਲ ਸੁਸੱਜਿਤ ਹੈ, ਕਿਸੇ ਪਾਸੇ ਉੱਚੇ ਨੀਵੇਂ ਥਾਵਾਂ ਤੇ ਬਣਿਆ ਅਦਭੁੱਤ ਸਾਈਕਲਿੰਗ ਟਰੈਕ ਜਿਥੇ ਸਾਈਕਲ ਸਵਾਰ ਕੇਵਲ ਸਾਈਕਲ ਦੁੜਾਉਂਦੇ ਹੀ ਨਹੀਂ ਛਾਲਾਂ ਵੀ ਮਰਵਾਉਂਦੇ ਹਨ।

ਬਰਫ ਲੱਦੀਆਂ ਸਫੈਦ ਪਹਾੜੀਆਂ ਤੇ ਸਕੇਟਿੰਗ ਕਰਦੇ ਵੱਡੇ ਜਿਗਰੇ ਵਾਲੇ ਨੌਜੁਆਨ ਏਥੋਂ ਦਾ ਵਿਸ਼ੇਸ਼ ਆਕਰਸ਼ਨ ਹੈ। ਸਫੈਦ ਪਹਾੜੀਆਂ ਦੀ ਗੋਦ ਵਿੱਚ ਨਿਰਮਲ ਨੀਰ ਦੀਆਂ ਝੀਲਾਂ ਅਤੇ ਆਕਾਸ਼ ਛੂੰਹਦੇ ਹਰੇ ਭਰੇ ਰੁੱਖ ਬ੍ਰਿਟਿਸ਼ ਕੋਲੰਬੀਆਂ ਨੂੰ ਬਿਊਟੀਫੁਲ ਬਣਾਉਂਦੇ ਹਨ। ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆਂ ਸਟੇਟ ਪਾਸ ਵਿਸ਼ਵ ਦਾ ਸਭ ਤੋਂ ਵੱਧ ਸਵੱਛ ਪਾਣੀ ਸ਼ੁੱਧ ਹਵਾ, ਸੰਘਣੇ ਜੰਗਲ ਅਤੇ ਸੁੰਦਰ ਕੁਦਰਤੀ ਦ੍ਰਿਸ਼ ਹਨ- ਇਸੇ ਲਈ ਇਸ ਸਟੇਟ ਨੂੰ 'ਬਿਊਟੀਫੁਲ ਬ੍ਰਿਟਿਸ਼ ਕੋਲੰਬੀਆਂ, ਕਿਹਾ ਜਾਂਦਾ ਹੈ।

ਏਥੇ ਪਹਾੜ ਦੇ ਸਿਖਰ ਤੇ ਪੁੱਜ ਕੇ ਸ੍ਰੀ ਸਤਿਗੁਰੂ ਜੀ ਨੇ ਹਿੰਮਤ ਨਾਲ ਤੇਜ ਤੁਰਨ ਵਾਲੇ ਸਿਖਾਂ ਸੇਵਕਾਂ ਸਹਿਤ ਲੰਮੀ ਵਾਕਿੰਗ ਕੀਤੀ- ਬਾਕੀ ਸੰਗਤਾਂ ਕੁਝ ਵਡੇਰਿਆਂ ਅਤੇ ਬੱਚਿਆਂ ਨੇ ਵੀ ਨੇੜੇ-ਤੇੜੇ ਫਿਰਦਿਆਂ, ਹੱਸਦਿਆਂ-ਖੇਡਦਿਆਂ ਅੱਜ ਦੀ ਵਿਸਲਰ ਯਾਤਰਾ ਦਾ ਅਨੰਦ ਮਾਣਿਆ। ਸ੍ਰੀ ਸਤਿਗੁਰੂ ਜੀ ਜਦੋਂ ਵੀ ਸੰਗਤਾਂ ਨਾਲ ਇਸ ਕਿਸੇ ਸਪੌਟ ਤੇ ਸੈਰ ਕਰਨ ਜਾਂਦੇ ਹਨ ਤਾਂ ਇਹ ਸੰਗਤਾਂ ਲਈ ਸਤਿਗੁਰੂ ਜੀ ਦੀ ਨੇੜਤਾ ਮਾਨਣ ਦਾ ਇਕ ਖੁੱਲਾ ਸਮਾਂ ਹੁੰਦਾ ਹੈ। ਕੋਈ ਅਰਜ਼ ਕਰਕੇ ਆਪ ਜੀ ਨਾਲ ਯਾਦਗਾਰੀ ਫੋਟੋ ਖਿਚਵਾਉਂਦਾ ਹੈ, ਕੋਈ ਹਾਸ-ਵਿਲਾਸ ਭਰਿਆ ਚੁਟਕਲਾ ਸੁਣਾਉਂਦਾ, ਕੋਈ ਮਨ ਦੀ ਕੋਈ ਸ਼ੰਕਾ ਨਵਿਰਤ ਕਰਨ ਲਈ ਅਰਜ਼ ਕਰਦਾ ਹੈ, ਸਤਿਗੁਰੂ-ਸੱਚੇ ਪਾਤਸ਼ਾਹ ਵੀ ਹਰ ਕਿਸੇ ਨੂੰ ਕਿਸੇ ਨਾ ਕਿਸੇ ਬਹਾਨੇ ਬੁਲਾਉਂਦੇ, ਕੁਝ ਪੁਛਦੇ, ਦੱਸਦੇ ਖੁਸ਼ੀਆਂ ਬਖਸ਼ਦੇ ਹਨ।ਪਹਾੜੀ-ਸਿਖਰ ਤੋਂ ਵਾਪਸ ਆਉਣ ਲਈ ਸਾਰੇ ਕਤਾਰਾਂ ਵਿੱਚ ਹੋ ਰਹੇ ਸਨ ਕਿ ਸ੍ਰੀ ਸਤਿਗੁਰੂ ਜੀ ਮੈਨੂੰ (ਹਰਪਾਲ ਸੇਵਕ) ਬਚਨ ਕੀਤਾ- ਹਰਦਿਆਲ ਨਹੀਂ ਦਿਸਿਆ, ਆਇਆ ਹੈ ਨਾਲ? ਮੈਂ ਅਰਜ਼ ਕੀਤੀ- ਗਰੀਬ ਨਿਵਾਜ਼, ਏਥੇ ਹੀ ਹੈ। ਆਵਾਜ਼ ਮਾਰੀ- ਭੱਜ ਕੇ ਆਇਆ- ਮੈਂ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਯਾਦ ਕਰਦੇ ਹਨ। ਹਰਦਿਆਲ ਨੇ ਚਰਨ ਪਰਸੇ, ਗਰੀਬ ਨਿਵਾਜ਼ ਬੜੇ ਹੀ ਪਿਆਰ ਨਾਲ ਕਿਹਾ 'ਹਰਦਿਆਲ, ਤੂੰ ਮਿਲਿਆ ਹੀ ਨਹੀਂ।' ਤੇ ਪਾਤਸ਼ਾਹ ਨੇ ਚਰਨਾਂ ਤੇ ਝੁਕੇ ਹਰਦਿਆਲ ਨੂੰ ਮੋਢਿਓ ਫੜ, ਕਲਾਵੇ ਵਿੱਚ ਲੈ ਕੇ ਬੜਾ ਹੀ ਪਿਆਰ ਬਖਸ਼ਿਆ- ਗੁਰੂ ਦਾ ਇਹ ਪਿਆਰ, ਇਹ ਨਿਵਾਜ਼ਿਸ਼ ਹੀ ਹੈ ਜੋ ਏਨਾਂ ਦੇਸ਼ਾਂ ਵਿੱਚ ਨੌਜੁਆਨਾਂ ਨੂੰ ਸਿੱਖੀ ਨਾਲ ਜੋੜੀ ਰੱਖਦੀ ਹੈ, ਕਿਉਂਕਿ ਸ੍ਰੀ ਸਤਿਗੁਰੂ ਜੀ ਕਿਸੇ ਨੂੰ ਸੰਗੀਤ ਦੇ ਮਾਧਿਅਮ ਰਾਹੀਂ, ਕਿਸੇ ਨੂੰ ਉਸ ਦੇ ਪ੍ਰੋਫੈਸ਼ਨ ਬਾਰੇ ਗੱਲ ਕਰਕੇ, ਕਿਸੇ ਨੂੰ ਖੇਡਾਂ ਦੁਆਰਾ ਹਰ ਕਿਸੇ ਨਾਲ ਰਾਬਤਾ ਕਾਇਮ ਕਰਕੇ ਬੱਚਿਆਂ, ਨੌਜੁਆਨਾਂ ਨੂੰ ਅਪਣਤ ਦਾ ਅਹਿਸਾਸ ਕਰਵਾਉਂਦੇ, ਆਪਣੇ ਨਾਲ ਜੋੜਦੇ ਹਨ। ਜੋ ਸਿੱਖ ਸਤਿਗੁਰੂ ਜੀ ਦੀ ਨੇੜਤਾ ਵਿੱਚ ਰਹਿੰਦਾ ਹੈ ਉਹ ਕੁਦਰਤੀ ਤੌਰ ਤੇ ਬਹੁਤ ਸਾਰੀਆਂ ਬੁਰਿਆਈਆ, ਪਤਿਤ ਪੁਣਾ, ਨਸ਼ੇ ਅਤੇ ਮਾੜੀ ਸੰਗਤ ਤੋਂ ਬਚਿਆ ਰਹਿੰਦਾ ਹੈ ਅਤੇ ਨਾਮ ਬਾਣੀ ਅਤੇ ਸਿੱਖੀ ਨਾਲ ਜੁੜਿਆ ਰਹਿੰਦਾ ਹੈ। ਅੱਜ ਦੀ ਯਾਤਰਾ ਵਿੱਚ ਬਹੁਤ ਸਾਰੀਆਂ ਗੱਡੀਆਂ ਦਾ ਕਾਫਲਾ ਸੀ, ਸੰਗਤ ਦੀ ਗਿਣਤੀ 113 ਸੀ।

ਵਾਪਸੀ ਸਵਾ ਪੰਜ ਵਜੇ ਸ੍ਰੀ ਸਤਿਗੁਰੂ ਜੀ ਨੇ ਨਾਮ ਸਿਮਰਨ ਵਿੱਚ ਦਰਸ਼ਨ ਦਿੱਤੇ। ਨਾਮ ਸਿਮਰਨ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼ ਸੰਗਤਾਂ ਨੇ ਸਰਵਣ ਕੀਤਾ।

**ਸਥਾਨਕ ਬੱਚਿਆਂ ਦਾ ਕੀਰਤਨ-** ਉਪਰੰਤ ਅੱਜ ਦਾ ਕੀਰਤਨ ਸਥਾਨਕ ਨਵ-ਸਿਖਿਆਰਥੀ ਬੱਚਿਆਂ ਵੱਲੋਂ ਹੈ। ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਹੀ ਹੈ ਕਿ ਵਿਦੇਸ਼ਾਂ ਵਿੱਚ ਇੰਗਲੈਂਡ ਤੋਂ ਬਾਅਦ ਏਥੇ ਸਰੀ (ਵੈਨਕੂਵਰ) ਵਿੱਚ ਹੀ ਏਨੀ ਵੱਡੀ ਗਿਣਤੀ ਵਿੱਚ ਬੱਚੇ ਸੰਗੀਤ ਸਿਖਦੇ ਅਤੇ ਕੀਰਤਨ ਕਰਦੇ ਹਨ। ਏਥੇ ਸੰਗੀਤ ਸਿਖਾਉਣ ਵਾਲੇ ਨਾਮਧਾਰੀ ਨੌਜੁਆਨ ਸਰਬੀ ਸ੍ਰੀ, ਉਸਤਾਦ ਦਵਿੰਦਰ ਸਿੰਘ, ਜਸਪਾਲ ਸਿੰਘ ਰੰਧਾਵਾ, ਪਵਿੱਤਰ ਸਿੰਘ ਅਤੇ ਸਰਬਜੀਤ ਸਿੰਘ ਗਾਇਨ ਵਾਦਨ, ਦਿਲਰੁਬਾ, ਸਾਰੰਗੀ, ਤਾਰ-ਸ਼ਹਿਨਾਈ ਅਤੇ ਤਬਲਾ ਆਦਿ ਸਿਖਾਉਂਦੇ ਹਨ। ਇਨ੍ਹਾਂ ਪਾਸ ਨਾਮਧਾਰੀ ਬੱਚਿਆਂ ਤੋਂ ਬਿਨਾਂ ਗੈਰ ਨਾਮਧਾਰੀ ਬਹੁਤ ਸਿਖ ਬੱਚੇ ਵੀ ਕੀਰਤਨ ਸਿਖਦੇ ਹਨ। ਇਸ ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ ਵਿੱਚ ਵੀ ਦਵਿੰਦਰ ਸਿੰਘ ਸੰਗੀਤ ਉਸਤਾਦ ਵਜੋਂ ਸੇਵਾ ਨਿਭਾ ਰਹੇ ਹਨ। ਇਹ ਸਾਰੀ ਬਖਸ਼ਿਸ਼ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ੍ਰੀ ਮੁਖਵਾਕ ਦੀ ਹੈ। ਹਰ ਸਿਖ ਦੇ ਬੱਚੇ 'ਚੋਂ ਰਾਗ ਦੀ ਕੁਝ ਨਾ ਕੁਝ ਖੁਸ਼ਬੂ ਜ਼ਰੂਰ ਆਉਣੀ ਚਾਹੀਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਇਹ ਬਚਨ ਮੂਰਤੀ ਮਾਨ ਹੋਇਆ ਹੈ। ਆਪ ਜੀ ਇਹ ਵੀ ਬਚਨ ਕਰਦੇ ਸਨ ਕਿ ਤੁਸੀਂ ਰਾਗ ਸਿੱਖੋ, ਗੁਰਬਾਣੀ ਦਾ ਕੀਰਤਨ ਕਰਨ ਵਾਸਤੇ। ਇਹ ਬੱਚੇ ਰਾਗ ਸਿਖਦੇ ਹਨ, ਸਤਿਗੁਰੂ ਜੀ ਦੇ ਸਨਮੁਖ ਕੀਰਤਨ ਕਰਕੇ ਗੁਰੂ ਕੀਆਂ ਖੁਸ਼ੀਆਂ ਲੈਣ ਵਾਸਤੇ।

ਕਾਕਾ ਬਲਕਾਰ ਸਿੰਘ ਨੇ ਮੰਚ ਸੰਭਾਲਿਆ ਅਤੇ ਪਹਿਲੇ ਗਰੁੱਪ ਨੂੰ ਕੀਰਤਨ ਵਾਸਤੇ ਪੇਸ਼ ਕੀਤਾ। ਪ੍ਰਿਯਾ ਕੌਰ, ਗੁਰਲੀਨ ਕੌਰ ਅਤੇ ਤਬਲੇ ਤੇ ਸੰਗਤ ਕੀਤੀ ਨੌਜੁਆਨ

ਦਰਸ਼ਨ ਸਿੰਘ ਤਿੰਨ ਬੱਚੀਆਂ ਦਿਲਰੁਬਾ ਨਾਲ ਸ਼ਾਮਲ ਸਨ ਇਕ ਕਰੀਬ ਸੀਨੀਅਰ ਗਰੁੱਪ ਹੈ 13 ਤੋਂ 16 ਕੁ ਸਾਲ ਦੀ ਉਮਰ ਦੀ ਬੱਚੀਆਂ ਨੇ ਰਾਗ ਸ਼ਬਦ ਗਾਇਨ ਕੀਤਾ।

ਮੇਰੇ ਪ੍ਰਭ ਪ੍ਰੀਤਮ ਨਾਮੁ ਅਧਾਰਾ॥
ਹਉ ਸੁਣਿ ਸੁਣਿ ਜੀਵਾ ਨਾਮੁ ਤੁਮਾਰਾ॥

ਅਗਲਾ ਗਰੁੱਪ ਕਰੀਬ 6 ਤੋਂ 10 ਸਾਲ ਦੇ ਬੱਚੇ-ਬੱਚੀਆਂ: ਦਾਤਾਰ ਸਿੰਘ, ਜਸਲੀਨ ਕੌਰ, ਹਰਨਾਮ ਕੌਰ, ਅਤਰ ਕੌਰ, ਸਹਿਜ ਕੌਰ, ਮਾਨਵ ਸਿੰਘ, ਕਰਮ ਸਿੰਘ ਅਤੇ ਗੰਗਾ ਸਿੰਘ ਨੇ ਰਾਗ ਮਾਲਕੌਂਸ, ਤਿੰਨ ਤਾਲ ਵਿੱਚ ਸ਼ਬਦ ਗਾਇਨ ਕੀਤਾ-

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥

ਤਬਲੇ ਤੇ ਕਾਕਾ ਦਇਆ ਸਿੰਘ ਨੇ ਸੰਗਤ ਕੀਤੀ। ਹਰਮੋਨੀਅਮ ਤੇ ਇਨ੍ਹਾਂ ਬੱਚਿਆਂ ਦੇ ਉਸਤਾਦ ਦਵਿੰਦਰ ਸਿੰਘ ਨੇ ਸਹਿਯੋਗ ਦਿੱਤਾ।

ਅਗਲਾ ਜਥਾ 15-16 ਸਾਲ ਦੇ ਨੌਜੁਆਨ ਕਾਕਾ ਗਿਆਨ ਸਿੰਘ, ਜੋਧ ਸਿੰਘ, ਬਲਕਾਰ ਸਿੰਘ, ਜਸਬੀਰ ਸਿੰਘ ਅਤੇ ਤਬਲੇ ਤੇ ਦੀਦਾਰ ਸਿੰਘ ਨੇ ਆਪਣੇ ਉਸਤਾਦ ਦਵਿੰਦਰ ਸਿੰਘ ਦੀ ਅਗੁਵਾਈ ਵਿੱਚ ਸ਼ਬਦ ਗਾਇਨ ਕੀਤਾ।

ਹਰਿ ਹਰਿ ਨਾਮੁ ਨਿਧਾਨੁ ਹੈ, ਗੁਰਮੁਖਿ ਪਾਇਆ ਜਾਇ॥

ਫੇਰ 7-8 ਸਾਲ ਦੀਆਂ ਛੋਟੀਆਂ ਬੱਚੀਆਂ: ਪਰਮਜੀਤ ਕੌਰ, ਪਰਮਿੰਦਰ ਕੌਰ, ਸਹਿਜ ਕੌਰ ਨੇ ਰਾਗ ਤਿਲੰਗ ਤਿੰਨ ਤਾਲ ਵਿੱਚ- ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥ ਗਾਇਨ ਕੀਤਾ, ਤਬਲੇ ਤੇ ਸੰਗਤ ਕਾਕਾ ਗਿਆਨ ਸਿੰਘ ਨੇ ਕੀਤੀ। ਉਪਰੰਤ ਕਾਕਾ ਇੰਦਰ ਸਿੰਘ ਅਤੇ ਅਜੀਤ ਸਿੰਘ ਨੇ ਰਾਗ ਰਾਗੇਸ਼ਵਰੀ ਵਿੱਚ ਸ਼ਬਦ ਗਾਇਨ ਕੀਤਾ- ਗੁਰ ਜੀ ਕੇ ਦਰਸਨ ਕਉ ਬਲਿ ਜਾਉ॥ ਤਬਲੇ ਤੇ ਗਿਆਨ ਸਿੰਘ ਨੇ ਸਾਥ ਦਿੱਤਾ। ਉਪਰੰਤ ਤਿੰਨ ਬੱਚੀਆਂ ਤਰਨ ਕੌਰ, ਬਲਦੇਵ ਕੌਰ ਅਤੇ ਮਨਜੋਤ ਕੌਰ ਅਤੇ ਤਬਲੇ ਤੇ ਗਿਆਨ ਸਿੰਘ ਨੇ ਰਾਗ ਆਸਾਵਰੀ ਵਿੱਚ- ਤੁਮ ਹੋ ਸਭ ਰਾਜਨ ਕੇ ਰਾਜਾ॥ ਸ਼ਬਦ ਗਾਇਨ ਕੀਤਾ। ਮੰਚ ਤੋਂ ਕਾਕਾ ਬਲਕਾਰ ਸਿੰਘ ਨੇ ਦੱਸਿਆ ਕਿ ਹੁਣ ਸ਼ਬਦ ਗਾਇਨ ਉਪਰੰਤ ਤਬਲੇ ਦੀ ਸੰਗਤ ਨਾਲ ਸਾਰੰਗੀ ਅਤੇ ਦਿਲਰੁਬਾ ਵਾਦਨ ਹੋਏਗਾ- ਕਾਕਾ ਜੈ ਸਿੰਘ, ਪਵਿੱਤਰ ਸਿੰਘ, ਪਵਿੱਤਰ ਕੌਰ ਦਿਲਰੁਬਾ ਅਤੇ ਕਾਕਾ ਗੁਰਦੇਵ ਸਿੰਘ ਸਾਰੰਗੀ ਤੇ ਰਾਗ ਤਿਲਕਮੋਦ ਦਾ ਵਾਦਨ ਪੇਸ਼ ਕਰਕੇ, ਤਬਲੇ ਤੇ ਪਿਆਰਾ ਸਿੰਘ ਅਤੇ ਗਿਆਨ ਸਿੰਘ। ਉਪਰੰਤ ਮ੍ਰਿਦੰਗ ਵਾਦਨ ਦੇ ਖੁਲ੍ਹੇ ਬੋਲਾਂ ਨੇ ਅਨਹਦ ਨਾਦ ਦਾ ਮਾਹੌਲ ਸਿਰਜ ਦਿੱਤਾ ਕਾਕਾ ਗੁਰਦੇਵ ਸਿੰਘ ਨੇ ਪਖਾਵਜ ਪੇਸ਼ ਕੀਤਾ ਅਤੇ ਦਿਲਰੁਬਾ ਤੇ ਨਗਮਾ ਲਾਇਆ ਕਾਕਾ ਪਵਿੱਤਰ ਸਿੰਘ ਨੇ। ਜਦੋਂ ਵੀ ਹਰ ਜਥਾ ਆਪਣੀ ਪੇਸ਼ਕਾਰੀ ਦੇ ਕੇ ਸ੍ਰੀ ਸਤਿਗੁਰੂ ਜੀ ਨੂੰ ਨਤਮਸਤਕ ਹੁੰਦੇ ਤਾਂ ਗਰੀਬ ਨਿਵਾਜ ਹਰ ਬੱਚੇ ਨੂੰ ਉਸਦੇ ਉਸਤਾਦ ਬਾਰੇ ਸਰੀ ਦੇ ਬੱਚਿਆਂ ਨਵੇਂ ਸਿਖਿਆਰਥੀਆਂ ਦੁਆਰਾ ਸ਼ਬਦ ਗਾਇਨ ਅਤੇ ਤੰਤੀ ਸਾਜਾਂ ਦੇ ਵਾਦਨ ਦਾ ਕਰੀਬ ਦੋ ਘੰਟਿਆਂ ਦਾ ਪ੍ਰੋਗਰਾਮ ਬਹੁਤ ਹੀ ਅਨੰਦ ਮਈ ਰਿਹਾ। ਸਤਿਗੁਰੂ ਜਗਜੀਤ ਸਿੰਘ ਜੀ ਦੀ ਤਿਆਰ ਕੀਤੀ ਸੰਗੀਤ ਨਰਸਰੀ ਅਤੇ ਵੱਡੇ ਬੂਟਿਆਂ ਦੇ ਰੂਪ ਵਿੱਚ ਫਲ ਦੇਣ ਲਗ ਗਈ ਹੈ। ਸ. ਦਵਿੰਦਰ ਸਿੰਘ, ਸ. ਜਸਪਾਲ ਸਿੰਘ ਰੰਧਾਵਾ, ਪਵਿੱਤਰ ਸਿੰਘ ਅਤੇ ਸਰਬਜੀਤ ਸਿੰਘ ਆਦਿ ਰਾਗ ਵਿਦਿਆ ਦਾ ਲੰਗਰ ਚਲਾ ਰਹੇ ਹਨ। ਅੱਜ ਸ਼ਾਮ ਦੀ ਸੰਗਤ ਦੀ ਹਾਜਰੀ ਕਰੀਬ ਸਾਢੇ ਕੁ ਸੱਤ ਸੌ ਤੱਕ ਸੀ। ਸੂਬਾ ਬਲਬੀਰ ਸਿੰਘ ਜੀ ਨੇ ਅਰਦਾਸ ਕੀਤੀ ਅਤੇ ਲੰਗਰ ਛੱਕ ਕੇ ਸੰਗਤਾਂ ਅਗਲੇ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿੱਚ ਦਰਸ਼ਨ ਕਰਨ ਦੀ ਆਸ ਨਾਲ ਘਰੋਂ-ਘਰੀਂ ਪਰਤੀਆਂ।

24 ਜੁਲਾਈ ਐਤਵਾਰ, ਸਰੀ ਵਿਖੇ ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ ਦੇ ਆਂਗਨ ਵਿੱਚ ਸਰਬ ਸ੍ਰੀ ਬਲਵੰਤ ਸਿੰਘ, ਪਵਿੱਤਰ ਸਿੰਘ, ਦਵਿੰਦਰ ਸਿੰਘ, ਹਰਜਿੰਦਰ ਸਿੰਘ ਸੰਤੂਰਵਾਦਕ ਨਾਲ ਛੋਟੇ ਬੱਚੇ ਹਰਸਾ ਸਿੰਘ, ਗਿਆਨ ਸਿੰਘ, ਦੀਦਾਰ ਸਿੰਘ, ਗਿਆਨ ਸਿੰਘ, ਬਲਕਾਰ ਸਿੰਘ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਤਬਲੇ ਤੇ ਸੰਗਤ ਹਰਪ੍ਰੀਤ ਸਿੰਘ ਅਤੇ ਪਿਆਰਾ ਸਿੰਘ ਨੇ ਕੀਤੀ।

ਛੋਟੇ ਕਵੀਆਂ ਦਾ ਛੋਟਾ ਜਿਹਾ ਕਵੀ ਦਰਬਾਰ: ਆਸਾ ਦੀ ਵਾਰ ਦੇ ਕੀਰਤਨ ਦੀ ਸੰਪੂਰਨਤਾ ਉਪਰੰਤ ਅੱਜ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਕੁਝ ਨੌਜੁਆਨਾਂ ਨੇ ਕੁਝ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਕਵਿਤਾਵਾਂ ਦੀ ਪੇਸ਼ਕਾਰੀ ਤੋਂ ਪਹਿਲਾਂ ਸੁਰਿੰਦਰ ਸਿੰਘ ਰੂਪਾ ਨੇ ਅਗਲਾ ਪ੍ਰੋਗਰਾਮ ਦੱਸਿਆ ਕਿ ਅੱਜ ਸ਼ਾਮ ਦੇ ਪੰਜ ਤੋਂ ਸੱਤ ਤੱਕ ਦੇ ਪ੍ਰੋਗਰਾਮ ਵਿੱਚ ਨਾਮ ਸਿਮਰਨ ਉਪਰੰਤ ਪੰਡਿਤ ਦੇਵ ਅਸ਼ੀਸ਼ ਭੱਟਾਚਾਰੀਯ ਜੀ ਦਾ ਗਟਾਰ ਵਾਦਨ ਹੋਇਗਾ ਨਾਲ ਸਰਬਜੀਤ ਸਿੰਘ ਜੀ ਤਬਲੇ ਤੇ ਸੰਗਤ ਕਰਨਗੇ। ਅਨੂਪ ਸਿੰਘ ਨੇ ਮੰਚ ਸੰਭਾਲਦਿਆਂ ਕਿਹਾ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਛੋਟੇ ਬੱਚਿਆਂ ਦਾ ਛੋਟਾ ਜਿਹਾ ਦਿਆਲ ਸਿੰਘ ਇਕ ਨਜ਼ਮ ਗਾ ਕੇ ਪੇਸ਼ ਕਰਨਗੇ।

ਦਿਆਲ ਸਿੰਘ ਨੇ ਤਰੰਨਮ ਵਿੱਚ ਨਜ਼ਮ ਪੇਸ਼ਕਾਰੀ ਕੀਤੀ:

ਬੜੀ ਵੇਰ ਆਖਿਆ ਮੈਂ ਰੁੱਤੜੀ ਬਸੰਤ ਨੂੰ,
ਕੱਲੀ ਨਾ ਤੂੰ ਆਈਂ, ਨਾਲ ਕੇ ਆਈਂ ਕੰਤ ਨੂੰ॥

ਕਾਕਾ ਆਸਾ ਸਿੰਘ ਨਜ਼ਮ ਪੇਸ਼ ਕੀਤੀ:

ਤੇਰੀ ਕਰਕੇ ਇਬਾਦਤ ਗੁਜਰ ਜਾਣ ਜੋ,
ਮੈਨੂੰ ਏਨੇ ਹੀ ਸਾਹ ਚਾਹੀਦੇ ਪਾਤਸ਼ਾਹ॥

ਏਨੇ ਪਿਆਰੇ ਮੁਖੜੇ ਨਾਲ ਕਵਿਤਾ ਦਾ ਇਕ ਬੰਦ ਵੀ ਪਾਠਕਾਂ ਦੀ ਨਜ਼ਰ ਕਰਦਾ ਹਾਂ-

ਮੈਂ ਹਵਾਵਾਂ ਨੂੰ ਕਿਹਾ ਦੁਆਵਾਂ ਕਰੋ,
ਮਾਹੀ ਆ ਜਾਵੇ ਛੇਤੀ ਇਛਾਵਾਂ ਕਰੋ,
ਉਹਦਾ ਸਾਇਬਾਨ ਸੋਹਣਾ ਸਜਾਵਣ ਦੇ ਲਈ,
ਇਹ ਉੱਚੀਆਂ ਤੇ ਸੁੱਚੀਆਂ ਥਾਵਾਂ ਕਰੋ,
ਉਹ ਹੈ ਸ਼ਾਹਾਂ ਦਾ ਸ਼ਾਹ-ਵੱਡਾ ਬਾਦਸ਼ਾਹ,
ਉਹਨੂੰ ਕਹਿੰਦੇ ਨੇ ਲੋਕੀ ਸੱਚਾ ਪਾਤਸ਼ਾਹ,
ਮੈਥੋਂ ਬਿਰਹੋਂ ਦੀ ਪੀੜਾ ਨਾ ਝੱਲੀ ਜਾਵੇ,
ਆ ਵੇਖ ਮੇਰਾ ਦਰਦ ਕਾਸਦਾ,
ਮੇਰਾ ਦਰਦ-ਏ-ਜ਼ੁਬਾਨ ਜਾ ਕੇ ਕਰਦੇ ਬਿਆਨ,
ਬਸ ਏਨੀ ਕੁ ਕਰਦੇ ਅਰਜ਼ ਕਾਸ ਦਾ,
ਤੇਰੀ ਕਰ ਕੇ ਇਬਾਦਤ ਗੁਜਰ ਜਾਣ ਜੋ,
ਮੈਨੂੰ ਏਨੇ ਹੀ ਸਾਹ ਚਾਹੀਦੇ ਪਾਤਸ਼ਾਹ।

ਕਾਕਾ ਮਨਜੀਤ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਉਸਤਤ ਦਾ ਗੀਤ ਗਾ ਕੇ ਪੇਸ਼ ਕੀਤਾ-

ਇਹ ਰੁੱਤ ਸੁਹਾਵੀ ਤਾਂ ਹੋਈ,
ਵਿੱਚ ਸਤਿਗੁਰ ਮੇਰਾ ਆਇਆ ਏ।
ਉਹਦਾ ਜਨਮ ਨਹੀਂ ਅਵਤਾਰ ਹੋਇਐ,
ਪੇਟੋਂ ਨਿਕਲੀ ਮਸ਼ਕ ਵਿਖਾਇਆ ਏ।
ਲੋਕੋ ਖਾਕੀ ਨਹੀਂ ਇਹ ਨੂਰੀ ਏ,
ਜਦੋਂ ਦਾਈ ਰੌਲਾ ਪਾਇਆ ਏ,
ਜਦੋਂ ਖੁਦ ਖੁਦਾ ਇਸ ਧਰਤੀ ਤੇ,
ਦੇਹ ਧਾਰ ਬੰਦੇ ਦੀ ਆਇਆ ਏ।.....

ਉਪਰੰਤ ਬੱਚੀ ਹਰਨਾਮ ਕੌਰ ਨੇ ਸਵਿੰਦਰ ਸਿੰਘ ਲੁਧਿਆਣਾ ਵਾਲਿਆਂ ਦੀ ਲਿਖੀ ਨਜ਼ਮ ਪੇਸ਼ ਕੀਤੀ।

ਧੰਨ ਧੰਨ ਆਖੋ ਸੰਗਤੇ ਤੇ ਜਾਉ ਸਦ ਬਲਿਹਾਰ,
ਨਿਵਾਉ ਸੀਸ ਉਸ ਸਾਮ੍ਹਣੇ ਤੇ ਕਰੋ ਬੰਦਨਾ ਬਾਰੰਬਰ,
ਜਿਸਦੇ ਪ੍ਰਗਟਿਆਂ ਹੋਇਆ ਚਾਨਣਾ
ਤੇ ਮਿਟਿਆ ਅੰਧਕਾਰ,
ਉਸਨੂੰ ਚੀਨੀ ਵਾਲਾ ਆਖਦੇ
ਕੁਝ ਦੁਨੀਆਂ ਦੇ ਨਰ ਨਾਰ।
ਤੇ ਆਖੋ ਗੁਰਮੁਖ ਪਿਆਰਿਓ
ਧੰਨ ਗੁਰੂ ਰਾਮ ਸਿੰਘ ਅਵਤਾਰ।

ਉਪਰੰਤ ਕਾਕਾ ਬਲਕਾਰ ਸਿੰਘ (ਪੜਪੋਤਰਾ ਉਸਤਾਦ ਨੱਥਾ ਸਿੰਘ) ਨੇ ਰਸ- ਭਿੰਨੇ ਤਰੰਨਮ ਵਿੱਚ ਸਤਿਗੁਰੂ ਰਾਮ ਸਿੰਘ ਜੀ ਬਾਰੇ ਨਜ਼ਮ ਪੇਸ਼ ਕੀਤੀ-

ਸੁਪਨੇ ਵਿੱਚ ਰਾਤੀ ਮੈਨੂੰ ਹੋਇਆ, ਦੀਦਾਰ ਸੀ,
ਅੱਖੀਆਂ ਨੇ ਤਰਲਾ ਕੀਤਾ, ਦਿਲ ਵੀ ਲਾਚਾਰ ਸੀ,
ਛੇਤੀ ਆ ਜਾਣਾ ਹੁਣ ਤੂੰ ਕੀਤਾ ਇਕਰਾਰ ਸੀ,
ਮੁੜ ਤੋਂ ਬੱਝ ਗਈਆਂ ਆਸਾਂ ਜਿੰਸਗੀ ਜੀਊਣ ਦੀਆਂ,
ਮਿਲੀਆਂ ਕਨਸੋਆਂ ਮੈਨੂੰ ਸਾਹਿਬਾਂ ਤੇਰੇ ਆਉਣ ਦੀਆਂ।

ਉਪਰੰਤ ਛੋਟੀ ਬੱਚੀ ਅੰਮ੍ਰਿਤ ਕੌਰ ਸਪੁੱਤਰੀ ਅਜਮੇਰ ਸਿੰਘ ਹਾਕੀ ਪਲੇਅਰ ਨੇ ਕਵਿਤਾ ਪੇਸ਼ ਕੀਤੀ-

ਮੇਰੇ ਜਾਨੀ ਚਲੇ ਗਏ,
ਮੇਰੀ ਰੂਹ ਰਹੀ ਪਾਉਂਦੇ ਵਾਸਤੇ
ਮੈਂ ਜੀਵਾਂ ਹੁਣ ਕਿਸ ਆਸ ਤੇ
ਮੇਰੇ ਜਾਨੀ ਚਲੇ ਗਏ।

ਕਾਕਾ ਦੀਦਾਰ ਸਿੰਘ ਸਪੁੱਤਰ ਸੰਤ ਦਵਿੰਦਰ ਸਿੰਘ ਰਾਗੀ ਨੇ ਨਜ਼ਮ ਪੇਸ਼ ਕੀਤੀ-

ਕਦੇ ਉਠਦੇ ਜਾਂਦੇ ਕਾਵਾਂ ਨਾਲ ਗੱਲਾਂ ਕਰਦਾ,
ਕਦੇ ਰੁੱਖਾਂ ਦੀਆਂ ਛਾਵਾਂ ਨਾਲ ਗੱਲਾਂ ਕਰਦਾ,
ਕਦੀਂ ਆਉਂਦੇ ਜਾਂਦੇ ਸਾਹਵਾਂ ਨਾਲ ਗੱਲਾਂ ਕਰਦਾ,
ਜਦੋਂ ਤੇਰੀ ਯਾਦ ਵਿੱਚ ਮੇਰੀ ਰੂਹ ਓਦਰੇ,
ਉਦੋਂ ਹਵਾਵਾਂ ਨਾਲ ਗੱਲਾਂ ਕਰਦਾ,
ਜੇ ਤੂੰ ਚਲੀਂ ਏਂ ਹਵਾਏ,
ਮੇਰੇ ਮਾਹੀ ਦੇਸ ਜਾਈਂ
ਉਥੇ ਜਾ ਕੇ
ਉਹਦੇ ਚਰਨਾਂ ਦੀ ਧੂੜੀ ਲੈ ਕੇ ਆਈ,
ਉਹਨੂੰ ਕਹਿ ਦੇਂਦੀ
ਜਿਵੇਂ ਲੋਕੀ ਉਡੀਕਦੇ ਨੇ ਈਦ ਨੂੰ,
ਅਸੀਂ ਤਰਸ ਗਏ ਆਂ
ਸੋਹਣਿਆ ਵੇ ਤੇਰੇ ਦੀਦ ਨੂੰ।

ਅਮਰ ਕੌਰ ਸਪੁੱਤਰੀ ਸੂਬਾ ਅਮਰ ਕੌਰ (ਪੱਦੀ ਖਾਲਸਾ) ਨੇ ਨਜ਼ਮ ਪੇਸ਼ ਕੀਤੀ-

ਇਸ ਬਾਰ੍ਹਵੇਂ ਜਾਮੇਂ ਵਿੱਚ ਆ ਕੇ
ਬਾਣੀ ਦਾ ਅਦਬ ਕਰਾਇਆ ਏ,
ਇਸ ਘੀਰਿਆਂ ਵਿਚੋਂ ਕੱਢ ਬੀੜਾਂ,

ਮੁੜ ਪ੍ਰਕਾਸ਼ ਕਰਾਇਆ ਏ,
ਸ਼ੁਧ ਬਾਣੀ ਪੜ੍ਹਨੀ, ਸਿਮਰਨ ਕਰਨਾ,
ਇਸ ਨੇ ਹੀ ਸਿਖਾਇਆ ਏ।
ਮਰਿਯਾਦਾ ਪ੍ਰਸ਼ੋਤਮ ਸਤਿਗੁਰੂ ਜੀ
ਸੁੱਚ ਸੋਧ ਦਾ ਲੰਗਰ ਲਾਇਆ ਏ,
ਸਦਾ ਵਰਤ ਇਸ ਲੰਗਰ ਲਾਇਆ ਏ,
ਸਦਾ ਵਰਤ ਇਸ ਲੰਗਰ ਵਿੱਚ,
ਰਹਿਮਤ ਦਾ ਸਦਕਾ ਪਾਇਆ ਏ,
ਇਹ ਵੇਖ ਕੇ ਉਪਮਾ ਸਤਿਗੁਰੂ ਦੀ,
ਸਭ ਜਗ ਨੇ ਜੱਸ ਗਾਇਆ ਏ,
ਕੁੜੀਆਂ ਖਾਤਰ ਹੋ ਕੇ ਆਤੁਰ,
ਐਸੇ ਹੁਕਮ ਅਲਾਏ ਨੇ,
ਜੇਹੜਾ ਧੀ ਮਾਰੂ ਜਾਂ ਵੇਚੂ
ਉਹਨੂੰ ਡਾਹਢੇ ਡੰਨ ਲਗਾਏ ਨੇ,
ਇਹ ਜਗ ਜਨਨੀ ਇਹਦਾ ਅਦਬ ਕਰੋ,
ਧੀਆਂ ਦੇ ਗੁਣ ਸਮਝਾਏ ਨੇ,
ਅੰਮ੍ਰਿਤ ਦੀ ਦਾਤ ਦੇ ਮਾਈਆਂ ਨੂੰ,
ਇਸ ਸਾਰੇ ਫਰਕ ਮਿਟਾਏ ਨੇ,
ਮੇਰੇ ਚੋਜੀ ਪਿਆਰੇ ਪ੍ਰੀਤਮ ਜੀ,
ਉਸ ਐਸੇ ਰਾਹ ਵਿਖਾਏ ਨੇ,
ਜਿਹੜੇ ਟੁੱਲ ਨਸ਼ੇ ਵਿੱਚ ਰਹਿੰਦੇ ਸੀ,
ਇਸ ਨਾਮ ਦੇ ਨਸ਼ੇ ਚੜ੍ਹਾਏ ਨੇ।

ਅਖੀਰ ਵਿਚ ਅਨੂਪ ਸਿੰਘ ਦੇ ਸਪੁੱਤਰ ਕਾਕਾ ਅਜੀਤ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਗਾ ਕੇ ਗੀਤ ਪੇਸ਼ ਕੀਤਾ। ਅੱਜ ਦਾ ਬਾਲ ਕਵੀ ਦਰਬਾਰ ਬੜਾ ਰੌਚਕ ਸੀ, ਇਕ ਦੋ ਨੂੰ ਛੱਡ ਕੇ ਸਾਰੀਆਂ ਰਚਨਾਵਾਂ ਅਨੂਪ ਸਿੰਘ ਦੀਆਂ ਲਿਖੀਆਂ ਅਤੇ ਉਸ ਦੁਆਰਾ ਹੀ ਤਿਆਰ ਕਰਵਾਈਆਂ ਗਈਆਂ। ਕਾਕਾ ਅਜੀਤ ਸਿੰਘ ਨੇ ਬੜੀ ਸੁਰੀਲੀ ਆਵਾਜ਼ ਵਿੱਚ ਬੜੇ ਹੀ ਪ੍ਰੇਮ ਪਰੁੱਚੇ ਸ਼ਬਦਾਂ ਵਿੱਚ ਬਾਲ ਗੀਤ ਪੇਸ਼ ਕੀਤਾ- ਸਤਿਗੁਰੂ ਜਗਜੀਤ ਸਿੰਘ ਜੀ ਦੀ ਪਿਆਰੀਆਂ ਮਿੱਠੀਆਂ ਅਤੇ ਨਿੱਘੀਆਂ ਯਾਦਾਂ ਤਾਜ਼ਾ ਕਰਵਾਉਂਦੀ ਪੂਰੀ ਨਜ਼ਮ ਪਾਠਕਾਂ ਦੇ ਹਾਜ਼ਰ ਹੈ:

ਮੇਰੀ ਜਿਸ ਰਹਿਬਰ ਸੰਗ ਪ੍ਰੀਤ ਹੈ,
ਉਸਦਾ ਨਾਮ ਗੁਰੂ ਜਗਜੀਤ ਹੈ।
ਜਿਸ ਦਿਨ ਦਾ ਉਹਨੂੰ ਪਾ ਲਿਐ,
ਮੇਰੀ ਰੂਹ ਵੀ ਠੰਡੀ ਸੀਤ ਹੈ।
ਉਹਦੇ ਮਿਕਨਾਤੀਸੀ ਦਰਸ ਨੂੰ,
ਉਹਦੀ ਰੂਹ ਰੂਹਾਨੀ ਤਰਸਦੀ,
ਉਹਦੀ ਪਾਕ ਨਿਗਾਹ ਚੋਂ ਕਰਾਮਾਤ,
ਵੀ ਵੇਖਿਆ ਮੈਂ ਬਰਸਦੀ।
ਸਰਸਵਤੀ ਖ਼ੁਦ ਓਸਨੂੰ,
ਮੰਨਦੀ ਸੰਗੀਤ ਹੈ।
ਮੇਰੀ ਜਿਸ ਰਹਿਬਰ.....
ਇਹਨੂੰ ਬਖ਼ਸ਼ਣਹਾਰਾ ਆਖਦੇ,
ਇਹ ਲਿਖਦਾ ਲੇਖ ਨਸੀਬ ਦਾ।
ਇਹ ਕਰ ਦੇ ਰੰਕ ਨੂੰ ਬਾਦਸ਼ਾਹ,
ਇਹ ਬਣਿਆ ਯਾਰ ਗਰੀਬ ਦਾ।
ਆਏ ਨੂੰ ਗਲ ਨਾਲ ਲਾਵਣਾ,
ਇਹਦੇ ਦਰ ਦੀ ਰੀਤ ਹੈ।
ਮੇਰੀ ਜਿਸ ਰਹਿਬਰ.....
ਮੈਂ ਪੈਰ-ਪੈਰ 'ਤੇ ਭੁਲਦਾ,
ਉਹ ਬਖ਼ਸ਼ਦਾ ਹਰ ਵਾਰ ਹੈ।
ਉਹ ਖੈਰ ਪਾਉਂਦੈ ਬੰਦਗੀ,
ਉਹਦਾ ਪਿਆਰ ਹੀ ਆਹਾਰ ਹੈ।
ਉਹ ਨਾਲ ਰਹਿੰਦਾ ਓਸਦੇ,
ਪਾਕ ਜਿਸਦੀ ਨੀਤ ਹੈ।
ਮੇਰੀ ਜਿਸ ਰਹਿਬਰ.....

ਬਾਲ ਕਵੀ ਦਰਬਾਰ ਦੇ ਅਖੀਰ ਤੇ ਬੀਬੀ ਜਸਬੀਰ ਕੌਰ ਆਪਣੀ ਸਿਖੀ ਰਚਨਾ 'ਪੰਜ ਚੋਰ' ਗਾ ਕੇ ਪੇਸ਼ ਕੀਤੀ ਜੋ ਇਕ ਕਿਸਮ ਦੀ ਪ੍ਰਾਰਥਨਾ ਹੈ। ਆਪਣੇ ਸਤਿਗੁਰੂ ਦੇ ਚਰਨਾ ਵਿੱਚ ਜੋ ਕਿ ਗੁਰਵਾਕ ਦੀ ਵਿਆਖਿਆ ਜਾਪਦੀ ਹੈ 'ਕਾਮ, ਕ੍ਰੋਧ, ਲੋਭ, ਝੂਠ, ਨਿੰਦਾ ਇਨ ਤੇ ਆਪ ਛਡਾਵਹੁ। ਰਚਨਾ ਦਾ ਮੁਖੜਾ ਹੈ...

ਜੇਹੜੇ ਪੰਜ ਨੇ ਇਹ ਚੋਰ,
ਸਦਾ ਰਹਿੰਦੇ ਮੇਰੇ ਕੋਲ,
ਨਹੀਂ ਪਿੱਛਾ ਛੱਡਦੇ,
ਸਤਿਗੁਰ ਆਣ ਕੇ ਏਨਾਂ 'ਚੋਂ ਮੈਨੂੰ ਬਾਹਰ ਕੱਢ ਦੇ।

ਅੱਜ ਸ਼ਾਮ ਦਾ ਪ੍ਰੋਗਰਾਮ 5 ਤੋਂ 6 ਨਾਮ ਸਿਮਰਨ ਹੋਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼, ਗਿਆਨ ਦਾ ਸਾਗਰ ਸੰਗਤਾਂ ਸਰਵਣ ਕੀਤਾ- ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ-

"ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਦਾ 150 ਵਾਂ ਵਰ੍ਹਾ ਮਨਾਇਆ ਜਾ ਰਿਹਾ ਹੈ। ਗਿਆਨੀ ਗਿਆਨ ਸਿੰਘ ਜੀ ਦੇ ਲਿਖੇ ਨਾਮਧਾਰੀ ਇਤਿਹਾਸ ਬਾਰੇ ਕਬਿੱਤਾਂ

ਅਨੁਸਾਰ ਕੁਝ ਬੇਨਤੀਆਂ ਕੀਤੀਆਂ ਸਨ। ਲੜੀ ਨੂੰ ਅੱਗੇ ਤੋਰਦਿਆਂ ਆਪ ਨੇ ਕਿਹਾ- ਗਿਆਨੀ ਜੀ ਦਾ ਕਥਨ ਹੈ-

ਬਡੇ ਥਾਇ ਜਾਇ ਕੇ ਲਾਹੌਰ ਪਲਟਨ ਮਾਹਿ,
ਠਾਣ ਲੀਨ ਨੌਕਰੀ ਪਛਾਣ ਕੈ ਸੁਕ੍ਰਿਤ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਸੁਕ੍ਰਿਤ ਭਾਵ ਸ਼ੁਭ ਕੰਮ ਜਾਂ ਧਰਮ-ਕਰਮ ਸਮਝਕੇ ਫੌਜ ਦੀ ਨੌਕਰੀ ਕੀਤੀ। ਆਪ ਨੇ ਫੋਜ ਵਿੱਚ ਰਹਿੰਦਿਆਂ ਆਪਣੇ ਸਾਥੀਆਂ ਨੂੰ ਵੀ ਧਰਮ ਕਰਨ ਲਾ ਲਿਆ, ਭਗਤੀ ਕਰਨ ਲਾਇਆ, ਇਸ ਫੌਜ ਦਾ ਨਾਮ ਹੀ ਭਗਤਾਂ ਵਾਲੀ ਫੌਜ ਪੈ ਗਿਆ। ਇਥੇ ਆਪ ਨੇ ਅਨੇਕਾਂ ਕੌਤਕ ਕੀਤੇ ਅਤੇ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਾਰਗ- ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਉਪਦੇਸ਼ ਦ੍ਰਿੜਾਇਆ। ਪਰਾਏ ਹੱਕ ਤੋਂ ਵਰਜਿਆ ਅਤੇ ਸੁੱਚੀ ਕਿਰਤ ਕਮਾਈ ਚੋਂ ਲੋੜਵੰਦਾਂ ਲਈ ਦਾਨ ਕਰਨ ਵਾਸਤੇ ਪ੍ਰੇਰਿਆ। ਇਹ ਉਹ ਸਮਾਂ ਸੀ ਜਦੋਂ ਸਿੱਖ ਨਾਮ-ਬਾਣੀ ਤੋਂ ਟੁੱਟ ਰਹੇ ਸਨ ਉਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਤੋਂ ਨਾਮ-ਬਾਣੀ ਦਾ ਪ੍ਰਵਾਹ ਚਲਾਇਆ- ਗੁਰਬਾਣੀ ਤੇ ਕਿੰਤੂ ਪ੍ਰੰਤੂ ਤੋਂ ਰੋਕਣ ਲਈ ਸਤਿਗੁਰੂ ਜੀ ਨੇ ਇਕ ਕੌਤਕ ਕੀਤਾ- ਸਫਾਂ ਦੇ ਢੇਰ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰੱਖਕੇ ਅੱਗ ਲਾ ਦਿੱਤੀ, ਸਾਰੀਆਂ ਲੱਕੜਾਂ ਆਦਿ ਸੜ ਗਈਆਂ ਤਾਂ ਸਵਾ ਦੇ ਢੇਰ ਵਿੱਚੋਂ ਗੁਰਬਾਣੀ ਦੀ ਬੀੜ ਕੱਢੀ ਤਾਂ ਉਸਨੂੰ ਕਿਤੇ ਸੇਕ ਤੱਕ ਵੀ ਨਹੀਂ ਸੀ ਲੱਗਿਆ ਤਾਂ ਆਪ ਜੀ ਨੇ ਗੁਰਬਾਣੀ ਦੀ ਪਰਕਰਮਾ ਕਰਕੇ ਤਿੰਨ ਵਾਰ ਕਿਹਾ: ਧੰਨ ਨਾਨਕ, ਧੰਨ ਨਾਨਕ, ਧੰਨ ਨਾਨਕ। ਬਚਨ ਕੀਤਾ ਹੁਣ ਏਸੇ ਗੁਰਬਾਣੀ ਦਾ ਪ੍ਰਚਾਰ ਕਰਨਾ ਹੈ। ਫੌਜ ਵਿੱਚ ਰਹਿੰਦਿਆਂ ਜਿਨਾਂ ਦਾ ਪਹਿਰਾ ਰਾਤ ਨੂੰ ਹੋਣਾ ਤਾਂ ਸਤਿਗੁਰੂ ਜੀ ਆਖਣਾ ਤੁਹਾਡਾ ਪਹਿਰਾ ਮੈਂ ਦੇਂਦਾ ਹਾਂ। ਸਾਰੀ-ਸਾਰੀ ਰਾਤ ਜਾਗ ਕੇ ਨਾਮ ਜੱਪਣਾ ਅਤੇ ਪਹਿਰਾ ਦੇਣਾ- ਅੰਮ੍ਰਿਤ ਵੇਲੇ ਸਾਥੀਆਂ ਨੂੰ ਉਠਾ ਕੇ ਇਸ਼ਨਾਨ ਕਰਵਾ ਕੇ ਨਾਮ ਜਪਾਉਣਾ। ਗਿਆਨੀ ਜੀ ਕਹਿੰਦੇ ਹਨ ਕਿ 'ਚੈਹੇਂ ਰਹਿਨੋ ਇਕੰਤ' ਮਨ ਕਰਕੇ ਵਿਰਕਤ ਰਹਿੰਦੇ ਹਨ ਅਤੇ ਜੋ ਧਨ ਰਾਜ ਦਰਬਾਰ ਵਲੋਂ ਮਿਲਦਾ ਹੈ, ਉਹ 'ਦੈਹੇਂ ਆਜਿਜੈਂ ਕੋ ਬਿੱਤ ਹੈ' ਉਹ ਧਨ ਲੋੜਵੰਦਾਂ ਨੂੰ ਵੰਡ ਦੇਂਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿੱਚ ਵਾਰ-ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦ੍ਰਿੜਾਏ ਗਏ ਹਨ। ਕਿਤੇ ਲਿਖਿਆ ਹੈ ਸੂਰਜ ਲਹਿੰਦਿਓ ਚੜ੍ਹਿਆ ਮੰਨ ਲੈਣਾ ਪਰ ਸੱਚੇ ਪਾਤਸ਼ਾਹ ਕਲਗੀਆਂ ਵਾਲੇ ਦਾ ਹੁਕਮ ਅੱਖਰ ਅੱਖਰ ਪੂਰਾ ਵਰਤੇਗਾ। ਜਿਥੇ ਵੀ ਲਿਖਦੇ ਹਨ ਗੁਰੂ ਜੀ ਦਾ ਐਹ ਹੁਕਮ ਹੈ, ਰਹਿਤਨਾਮਾ ਤਾਂ ਗੁਰੂ ਜੀ ਨੇ ਪਹਿਲਾਂ ਹੀ ਦਿੱਤਾ ਹੋਇਆ ਹੈ। ਸਭ ਜਗ੍ਹਾ 'ਗੁਰੂ ਜੀ' ਸਤਿਗੁਰੂ ਗੋਬਿੰਦ ਸਿੰਘ ਜੀ ਵਲ ਹੀ ਸੰਕੇਤ ਹੈ। ਗੁਰੂ ਸਾਹਿਬ ਦੇ ਬਖਸ਼ੇ ਧਰਮ ਚਿੰਨ੍ਹ ਸਤਿਗੁਰੂ ਰਾਮ ਸਿੰਘ ਜੀ ਨੂੰ ਕਿੰਨੇ ਪਿਆਰੇ ਹਨ, ਇਹ ਦੱਸਣ ਲਈ ਆਪ ਕੌਤਕ ਰਚਦੇ ਹਨ ਕਿ ਸੋਨੇ ਦੇ ਕੀਮਤੀ ਕੜੇ ਦੇ ਕੇ ਸ੍ਰੀ ਸਾਹਿਬ (ਕਿਰਪਾਨ) ਲੈ ਆਉਂਦੇ ਹਨ। ਸੂਬੇਦਾਰ ਕਾਨ੍ਹ ਸਿੰਘ ਅਰਜ਼ ਕਰਦੇ ਹਨ ਕਿ ਤੁਸੀਂ ਏਨੇ ਕੀਮਤੀ ਸੋਨੇ ਦੇ ਕੜੇ ਦੇ ਕੇ ਐਹ ਲੋਹੇ ਦੀ ਕਿਰਪਾਨ ਲੈ ਆਏ ਹੋ ਤਾਂ ਸਤਿਗੁਰੂ ਰਾਮ ਸਿੰਘ ਜੀ ਬਚਨ ਕਰਦੇ ਹਨ- ਇਹ ਸਾਡਾ ਸ੍ਰੀ ਸਾਹਿਬ ਤਾਂ ਸਵਾ ਲੱਖ ਕਾ ਹੈ। ਇਸ ਸਰਦਾਰ ਕਾਨ੍ਹ ਸਿੰਘ ਦੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨੀਂ ਲੱਗਣ ਦੀ ਬੜੀ ਵਚਿੱਤ੍ਰ ਕਥਾ ਹੈ। ਇਹ ਸ਼ੁਰੂ ਤੋਂ ਹੀ ਜਗਿਆਸੂ ਅਤੇ ਧਾਰਮਿਕ ਬਿਰਤੀ ਦੇ ਪੁਰਸ਼ ਸਨ। ਇਕ ਵੇਰ ਆਪ ਨਿਰਮਲੇ ਸਾਧੂ ਬਾਬਾ ਖੁਦਾ ਸਿੰਘ ਨੂੰ ਮਿਲੇ ਅਰਜ਼ ਕੀਤੀ ਕਿ ਮਹਾਰਾਜ ਕਿਸੇ ਪੂਰਨ ਪੁਰਖ ਦੀ ਸਮਰੱਥ ਸਤਿਗੁਰੂ ਦੀ ਦੱਸ ਪਾਉ। ਬਾਬਾ ਖੁਦਾ ਸਿੰਘ ਜਿਹੇ ਨੇ ਕਿਹਾ- ਕਾਨ੍ਹ ਸਿੰਘ ਸਮਾਂ ਆਵੇਗਾ, ਸਤਿਗੁਰੂ ਤੈਨੂੰ ਆਪ ਆ ਕੇ ਮਿਲੇਗਾ ਤਾਂ ਐਸਾ ਹੀ ਸੰਜੋਗ ਬਣਿਆ। ਜਿਸ ਕੰਵਰ ਨੌਨਿਹਾਲ ਸਿੰਘ ਰਜ਼ਮੈਂਟ ਵਿੱਚ ਕਾਨ੍ਹ ਸਿੰਘ ਜਮਾਂਦਰ ਦੇ ਅਹੁਦੇ ਤੇ ਸਨ ਉਸੇ ਫੌਜ ਵਿੱਚ ਹੀ ਸਤਿਗੁਰੂ ਰਾਮ ਸਿੰਘ ਜੀ ਭਰਤੀ ਹੋ ਗਏ। ਏਥੇ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਅਲੌਕਿਕ ਕੌਤਕ ਵੇਖ ਕੇ ਸੂਬੇਦਾਰ ਕਾਨ੍ਹ ਸਿੰਘ ਸਤਿਗੁਰੂ ਜੀ ਦੇ ਸੇਵਕ ਬਣ ਗਏ। ਸਾਹਿਬ ਸਤਿਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਪਹਿਲੋਂ ਗੁਰੂ ਵਜੋਂ ਪਛਾਨਣ ਵਾਲੇ ਪਹਿਲੇ ਜਗਿਆਸੂ ਸਨ- ਰਾਇ ਬੁਲਾਰ ਸਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਅਜਮਤ ਨੂੰ ਵੇਖਣ ਵਾਲੇ ਪਹਿਲੇ ਸਿੱਖ-ਸੂਬਾ ਕਾਨ੍ਹ ਸਿੰਘ ਨਿਹੰਗ ਸਨ। ਇਹੋ ਬਾਬਾ ਕਾਨ੍ਹ ਸਿੰਘ ਹੀ ਪੰਥ ਦੀ ਸਾਜਨਾ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਪੰਜ ਪਿਆਰਿਆਂ ਵਿਚੋਂ ਹਨ- ਇਹੋ ਫੇਰ 'ਸੂਬੇ' ਥਾਪੇ ਜਾਂਦੇ ਹਨ, ਸੂਬਾ ਸਾਹਿਬ ਸਿੰਘ ਨਾਲ ਨੇਪਾਲ ਮਿਸ਼ਨ 'ਤੇ ਜਾਂਦੇ ਹਨ। 1872 ਵਿੱਚ ਸਤਿਗੁਰੂ ਰਾਮ ਸਿੰਘ ਜੀ ਹੀ ਭੈਣੀ ਸਾਹਿਬ ਤੋਂ ਇਲਾਹਾਬਾਦ ਲਿਜਾਏ ਜਾਂਦੇ ਹਨ ਫੇਰ ਜਲਾਵਤਨ ਕਰਕੇ ਅਦਨ ਭੇਜ ਦਿੱਤੇ ਜਾਂਦੇ ਹਨ। ਫੇਰ ਹਜ਼ਾਰੀਬਾਗ ਅਤੇ ਚੁਨਾਰ ਆਦਿ ਕਿਲ੍ਹਿਆਂ ਵਿੱਚ ਲੰਮਾਂ ਸਮਾਂ ਕੈਦ ਕੱਟਣ ਉਪਰੰਤ ਬਿਰਧ ਅਵਸਥਾ ਵਿੱਚ ਰਿਹਾ ਕਰਕੇ ਕਈ ਪਾਬੰਦੀਆਂ ਤਹਿਤ ਪੰਜਾਬ ਭੇਜ ਦਿੱਤੇ ਜਾਂਦੇ ਹਨ। ਅਖੀਰ ਸ. ਨਾਹਰ ਸਿੰਘ ਮਿਸਤਰੀ ਪਾਸ ਅੰਮ੍ਰਿਤਸਰ ਰਹਿੰਦਿਆਂ ਜੀਵਨ ਯਾਤਰਾ ਸੰਪੂਰਨ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜਦੇ ਹਨ।

**ਚਲਦਾ...**

# Satjug Mobile App




## Available on

GET IT ON Google Play

Download on the App Store

Date of Publication: 21 January 2023,
Date of Posting: 23 January 2023

RNI NO.55658/93
LDM/008/2021-2023

NS
NAMDHARI SEEDS

The Seeds for a Better Future



for more information
+91-80-28602167

www.namdhariseeds.com

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.